# ਅੱਖਰਾਂ ਦੀ ਸੱਥ

(ਬਾਲ ਕਹਾਣੀਆਂ)

ਨੋਟ : ਇਸ ਪੁਸਤਕ ਦੇ ਸਾਰੇ ਹੱਕ ਰਾਖਵੇਂ ਹਨ। ਲੇਖਕ ਦੀ ਲਿਖਤੀ ਆਗਿਆ ਤੋਂ ਬਿਨਾਂ ਇਸ ਪੁਸਤਕ ਦੇ ਕਿਸੇ ਵੀ ਹਿੱਸੇ ਨੂੰ, ਫੋਟੋ ਕਾਪੀ ਜਾਂ ਹੋਰ ਕਿਸੇ ਮਸ਼ੀਨੀ ਮਾਧਿਅਮ ਨਾਲ ਦੁਬਾਰਾ ਨਹੀਂ ਛਾਪਿਆ ਜਾ ਸਕਦਾ।

ਲੇਖਕ ਦੀਆਂ ਹੋਰ ਪੁਸਤਕਾਂ:-

- ਵਹਿਮੀ ਰਾਜਾ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2006-07 ਵਿਚ ਪੁਰਸਕ੍ਰਿਤ ਬਾਲ ਕਹਾਣੀਆਂ)
- ਪਿੰਡ ਵਿਚ ਪਰਮੇਸ਼ਰ ਵਸਦਾ (ਪੁਰਸਕ੍ਰਿਤ ਕਹਾਣੀਆਂ)
- ਬਾਂਗਰ ਦਾ ਰਾਜਾ (ਕਹਾਣੀਆਂ)
- ਸ਼ੇਰ ਦੀ ਮਾਸੀ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2009-10 ਵਿਚ ਪੁਰਸਕ੍ਰਿਤ ਬਾਲ ਕਹਾਣੀਆਂ) ਅਤੇ (ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਮਾਤਾ ਜਸਵੰਤ ਕੌਰ ਮੌਲਿਕ ਬਾਲ ਸਾਹਿਤ ਪੁਰਸਕਾਰ-2009 ਜੇਤੂ ਬਾਲ ਕਹਾਣੀਆਂ)
- ਮੁਰਗ਼ੇ ਦੀ ਬਾਂਗ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2011 ਵਿਚ ਪੁਰਸਕ੍ਰਿਤ ਬਾਲ ਕਹਾਣੀਆਂ)
- ਕਾਂ ਦੀ ਕਾਂ ਕਾਂ (ਬਾਲ ਕਹਾਣੀਆਂ)
- ਚੂਹਾ ਬਣਿਆ ਵਜ਼ੀਰ (ਬਾਲ ਕਹਾਣੀਆਂ)
- ਮੇਰੀਆਂ ਚੋਣਵੀਆਂ ਮਿੰਨੀ ਕਹਾਣੀਆਂ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਦੀ ਸਹਾਇਤਾ ਨਾਲ ਪ੍ਰਕਾਸ਼ਿਤ ਮਿੰਨੀ ਕਹਾਣੀਆਂ)
- ਸ਼ਹਿਰ ਗਿਆ ਕਾਂ (ਬਾਲ ਕਹਾਣੀਆਂ)
- ਕਾਂ ਗਿਆ ਵਲੈਤ (ਬਾਲ ਕਹਾਣੀਆਂ)
- ਚੂਹਾ ਗਿਆ ਨਾਨਕੇ (ਬਾਲ ਕਹਾਣੀਆਂ)
- ਚੂਹੇ ਨੇ ਲਈ ਸੈਲਫ਼ੀ (ਬਾਲ ਕਹਾਣੀਆਂ)

# ਅੱਖਰਾਂ ਦੀ ਸੱਥ

(ਬਾਲ ਕਹਾਣੀਆਂ)

ਇਕਬਾਲ ਸਿੰਘ

ਸਪਤਰਿਸ਼ੀ ਪਬਲੀਕੇਸ਼ਨ

ਚੰਡੀਗੜ੍ਹ

# Akhran di Sath

by

**Iqbal Singh**

V.P.O.- Hamjapur

Distt. Fatehabad, Haryana-125051

Email: iqbalhamjapur@gmail.com

M. : 09416592149, 95184-02049

**ISBN**

978-93-93212-74-0

**Edition 2022**

**International Publishers & Book Suppliers**

Saptrishi Publication approved by UGC

**Offices**

# Green Avenue, K.K. Road, Sri Muktsar Sahib

# Street 22466 133RD, Avenue South East, City : Kent,
State: Washington, Zip Code 98042 (USA) Ph. +12532435688

#16, Fallowfield Road, LEICESTER- U.K. LES-6LQ

**Printed at Saptrishi Printers**

Published by

**Saptrishi Publication**

Plot No. 25/6, Industrial Area, Phase-2,

Near Tribune Chowk, Chandigarh.

E-mail-: sapatrishi94@gmail.com

94638-36591, 77174-65715

*All rights reserved. No part of this book may be reproduced or transmitted in any form or by any means. electronic or mechanical. including photocopying, recording or any information storage and retrieval system. without permission in writing from the Publisher and Author.*

**Visit us at : www.saptrishipublication.com**

# ਤਤਕਰਾ


- ਬੱਚਿਆਂ ਨਾਲ ਸੰਵਾਦ–'ਅੱਖਰਾਂ ਦੀ ਸੱਥ' ਦੇ ਸੰਦਰਭ ਵਿਚ 7
  *ਇਕਬਾਲ ਸਿੰਘ*

- ਮਿਹਨਤੀ ਚਿੜੀ 9
- ਚਿੰਕੂ ਗੇਮ ਖੇਡਦਾ ਸੀ 12
- ਘੁਮੰਡੀ ਖ਼ਰਗੋਸ਼ 15
- ਚੱਕੀਰਾਹੇ ਦੀ ਕੋਠੀ 18
- ਚੂਹਿਆਂ ਦਾ ਵਟਸਐਪ ਗਰੁੱਪ 21
- ਅਹਿਸਾਨਮੰਦ 24
- ਮੋਲੂ ਮੇਮਣਾ ਤੇ ਸ਼ੇਰ 27
- ਉੱਲੂ ਦਾ ਗੁਆਂਢ 30
- ਚੁੱਕਣਾ 33
- ਅਵਾਰਾਗਰਦ ਚਿੰਟੂ 36
- ਸ਼ਹਿਰ ਗਿਆ ਕਿੱਟੂ ਕੁੱਕੜ 39
- ਸੰਦੀਪ ਨੂੰ ਮਿਲਿਆ ਸਬਕ 42
- ਸਾਂਤਾ ਕਲਾਜ਼ ਦਾ ਗਿਫ਼ਟ 45
- ਧੰਨਵਾਦ ਭੋਲੂ 48
- ਪੰਛੀਆਂ ਦੀ ਲੁਕਣਮੀਟੀ 51
- ਚਿੜੀ ਤੇ ਘੁੱਗੀ 54
- ਤੋਤੇ ਦੀ ਸਿਆਣਪ 57
- ਅੱਖਰਾਂ ਦੀ ਸੱਥ 61

ਕਹਾਣੀਆਂ ਵਿੱਚੋਂ ਹੀ ਲੱਭਣਾ ਹੈ। ਸਮੇਂ ਨਾਲ ਕਹਾਣੀ ਲੇਖਕਾਂ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ। ਆਪਣੀ ਜ਼ਿੰਮੇਵਾਰੀ ਸਮਝਦਿਆਂ ਤੁਹਾਡੇ ਲਈ ਕਹਾਣੀਆਂ ਦੀ ਪੁਸਤਕ 'ਅੱਖਰਾਂ ਦੀ ਸੱਥ' ਲੈਕੇ ਹਾਜ਼ਰ ਹਾਂ।

ਪੁਸਤਕ 'ਅੱਖਰਾਂ ਦੀ ਸੱਥ' ਵਿਚਲੀਆਂ ਕਹਾਣੀਆਂ ਜੇ ਸਾਰੀਆਂ ਨਹੀਂ ਤਾਂ ਤੁਹਾਡੀਆਂ ਕੁਝ ਸਮਸਿਆਵਾਂ ਦਾ ਹੱਲ ਜ਼ਰੂਰ ਸੁਝਾਉਣਗੀਆਂ। ਤੁਸੀਂ ਇਸ ਪੁਸਤਕ ਵਿਚਲੀ ਹਰੇਕ ਕਹਾਣੀ ਤੋਂ ਕੁਝ ਨਾ ਕੁਝ ਸਿੱਖਿਆ ਜ਼ਰੂਰ ਗ੍ਰਹਿਣ ਕਰੋਗੇ।

ਬੱਚਿਓ! ਅੱਖਰ ਅਮਰ ਹਨ। ਅੱਖਰ ਸਾਡੇ ਲਈ ਅਨਮੋਲ ਹਨ। ਅੱਖਰਾਂ ਨੂੰ ਜੋੜਨ ਨਾਲ ਹੀ ਕਹਾਣੀਆਂ ਬਣਦੀਆਂ ਹਨ। ਅੱਖਰਾਂ ਰਾਹੀਂ ਹੀ ਦੁਨੀਆ ਭਰ ਦਾ ਗਿਆਨ ਸਾਡੇ ਤਕ ਅੱਪੜਦਾ ਹੈ। ਅੱਖਰ ਸਾਡੇ ਲਈ ਦਾਨਿਸ਼ਮੰਦਾਂ ਦਾ ਰੋਲ ਅਦਾ ਕਰਦੇ ਹਨ। ਪਰ ਇਸ ਸਮਾਜਿਕ ਵਰਤਾਰੇ ਵਿਚ ਕਈ ਵਾਰ ਦਾਨਿਸ਼ਮੰਦਾਂ ਨੂੰ ਵੀ ਕਿਸੇ ਨਾ ਕਿਸੇ ਸਮੱਸਿਆ ਦਾ ਟਾਕਰਾ ਕਰਨਾ ਪੈ ਜਾਂਦਾ ਹੈ। ਇਸ ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਅੱਖਰਾਂ ਦੀ ਸੱਥ' ਵਿਚਲੇ ਅੱਖਰਾਂ ਵਾਂਗ ਸਾਨੂੰ ਆਪਣੀ ਹਰੇਕ ਸਮੱਸਿਆ ਨੂੰ ਮਿਲ ਬਹਿ ਕੇ ਨਬੇੜ ਲੈਣਾ ਚਾਹੀਦਾ ਹੈ। ਸਾਨੂੰ ਚੱਕੀਰਾਹੇ ਵਾਂਗ ਰੀਸ ਕਰਕੇ ਕੋਠੀ ਨਹੀਂ ਬਣਾਉਣੀ ਚਾਹੀਦੀ। ਰੈਣ ਬਸੇਰਾ ਬਣਾਉਣ ਵੇਲੇ ਸਾਨੂੰ ਆਪਣੀਆਂ ਸੁਖ-ਸੁਵਿਧਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅਵਾਰਾਗਰਦੀ ਕਰਨ ਵਾਲੇ ਆਪਣੇ ਲਈ ਕਈ ਤਰ੍ਹਾਂ ਦੀਆਂ ਮੁਸੀਬਤਾਂ ਸਹੇੜ ਲੈਂਦੇ ਹਨ ਤੇ ਕਿਸੇ ਦੀ ਚੁੱਕਣਾ ਵਿਚ ਆਣ ਕੇ ਕੰਮ ਕਰਨ ਵਾਲੇ ਆਪਣਾ ਹੀ ਨੁਕਸਾਨ ਕਰਦੇ ਹਨ। ਸਾਨੂੰ ਕਿਸੇ ਦੇ ਪਿੱਛੇ ਲੱਗ ਕੇ ਕਿੱਟੂ ਕੁੱਕੜ ਵਾਂਗ ਆਪਣਾ ਘਰ ਤੇ ਪਿੰਡ ਨਹੀਂ ਛੱਡਣਾ ਚਾਹੀਦਾ। ਸਾਨੂੰ ਮੋਲੂ ਮੇਮਣੇ ਵਾਂਗ ਸਿਆਣੇ ਤੇ ਚਿੜੀ ਵਾਂਗ ਮਿਹਨਤੀ ਬਣਨਾ ਚਾਹੀਦਾ ਹੈ। ਸਾਨੂੰ ਦੂਸਰਿਆਂ ਦੀ ਮਦਦ ਲਈ ਹਰ ਵਕਤ ਤਿਆਰ ਰਹਿਣਾ ਚਾਹੀਦਾ ਹੈ। ਪਰ ਕਦੇ ਵੀ ਗ਼ਲਤ ਕੰਮ ਲਈ ਕਿਸੇ ਦੀ ਮਦਦ ਨਹੀਂ ਕਰਨੀ ਚਾਹੀਦੀ। ਦੂਸਰੇ ਪਾਸੇ ਜੇਕਰ ਕੋਈ ਸਾਡੀ ਮਦਦ ਕਰਦਾ ਹੈ ਤਾਂ ਸਾਨੂੰ ਉਸਦੇ ਅਹਿਸਾਨਮੰਦ ਵੀ ਹੋਣਾ ਚਾਹੀਦਾ ਹੈ।

ਅਸੀਂ ਭਾਵੇਂ ਅਥਾਹ ਵਿਕਾਸ ਕਰ ਲਿਆ ਹੈ ਪਰ ਅਸੀਂ ਅਜੇ ਵੀ ਘੁਮੰਡ ਵਿਚ ਆ ਜਾਂਦੇ ਹਾਂ। ਸਾਨੂੰ ਖਰਗੋਸ਼ ਤੇ ਕਛੂਕੰਮੇ ਵਾਲੀ ਕਹਾਣੀ ਅੱਜ ਵੀ ਮੁੱਲਵਾਨ ਜਾਪਦੀ ਹੈ। ਇਸੇ ਕਰਕੇ ਮੈਂ ਅੱਜ ਦੇ ਪ੍ਰਸੰਗ ਵਿਚ ਇਸਦੀ ਪੁਨਰ-ਸਿਰਜਣਾ ਕੀਤੀ ਹੈ। ਉਮੀਦ ਹੈ ਤੁਹਾਨੂੰ ਪੁਸਤਕ 'ਅੱਖਰਾਂ ਦੀ ਸੱਥ' ਵਿਚਲੀਆਂ ਕਹਾਣੀਆਂ ਬੇਹਦ ਪਸੰਦ ਆਉਣਗੀਆਂ। ਮੈਨੂੰ, ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ।

ਇਕਬਾਲ ਸਿੰਘ
ਮੋ: 9416592149

# ਬੱਚਿਆਂ ਨਾਲ ਸੰਵਾਦ–
# 'ਅੱਖਰਾਂ ਦੀ ਸੱਥ' ਦੇ ਸੰਦਰਭ ਵਿਚ

ਬੱਚਿਓ! ਸਮੇਂ ਨਾਲ ਅਸੀਂ ਅਥਾਹ ਤਰੱਕੀ ਕਰ ਲਈ ਹੈ। ਸਾਡਾ ਜੀਵਨ ਦਿਨੋਂ-ਦਿਨ ਹੋਰ ਸੁਖਾਲਾ ਹੁੰਦਾ ਜਾ ਰਿਹਾ ਹੈ। ਸਾਡੀਆਂ ਸੁਖ-ਸੁਵਿਧਾਵਾਂ ਦੀ ਕੋਈ ਸੀਮਾ ਨਹੀਂ ਰਹੀ। ਸਾਨੂੰ ਇੰਜ ਲਗਦਾ ਹੈ, ਜਿਵੇਂ ਸਾਰੀ ਦੁਨੀਆ ਸਾਡੀ ਮੁੱਠੀ ਵਿਚ ਹੋਵੇ। ਸੂਚਨਾ ਤਕਨੀਕਾਂ ਦੀ ਕ੍ਰਾਂਤੀ ਨਾਲ ਅਸੀਂ ਘਰ ਬੈਠੇ ਕਿਸੇ ਤਰ੍ਹਾਂ ਦਾ ਵੀ ਗਿਆਨ ਪ੍ਰਾਪਤ ਕਰ ਸਕਦੇ ਹਾਂ। ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿਚ ਆ ਕੇ ਸਾਡੇ ਲਈ ਕਥਾ-ਕਹਾਣੀਆਂ ਦੀ ਲੋੜ ਨਹੀਂ ਰਹੀ।

ਕਥਾ-ਕਹਾਣੀਆਂ, ਵਿਕਾਸ ਦੇ ਹਰੇਕ ਪੜਾਅ ਵਿਚ ਸਾਡੇ ਅੰਗ-ਸੰਗ ਰਹੀਆਂ ਹਨ। ਕਹਾਣੀਆਂ, ਮੁਢ ਤੋਂ ਸਾਡਾ ਮਨੋਰੰਜਨ ਕਰਨ ਦੇ ਨਾਲ ਨਾਲ ਸਾਨੂੰ ਬਹੁ-ਪੱਖੀ ਗਿਆਨ ਤੇ ਸਿੱਖਿਆ ਦਿੰਦੀਆਂ ਆ ਰਹੀਆਂ ਹਨ। ਕੋਈ ਵੇਲਾ ਸੀ। ਮਨੁੱਖ ਦੀਆਂ ਲੋੜਾਂ ਸੀਮਿਤ ਸਨ। ਮਨੁੱਖ ਸਿਰਫ਼ ਮੁਢਲੀਆਂ ਜ਼ਰੂਰਤ ਦੀਆਂ ਵਸਤਾਂ ਦੀ ਲੋੜ ਮਹਿਸੂਸ ਕਰਦਾ ਸੀ। ਮਨੁੱਖ ਮੁਢਲੀਆਂ ਲੋੜਾਂ ਲਈ ਵੀ ਜੰਗਲਾਂ ਵਿਚ ਭਟਕਦਾ ਸੀ। ਉਦੋਂ 'ਲੋੜ ਕਾਢ ਦੀ ਮਾਂ ਹੈ', 'ਲਾਲਚ ਬੁਰੀ ਬਲਾ ਹੈ', 'ਹੰਕਾਰ ਦਾ ਸਿਰ ਹਮੇਸ਼ਾ ਨੀਵਾਂ ਹੁੰਦਾ ਹੈ' ਜਿਹੀ ਸਿੱਖਿਆ ਦੇਣ ਲਈ ਕਹਾਣੀਆਂ ਘੜੀਆਂ ਗਈਆਂ।

ਫਿਰ ਰਜਵਾੜਾ ਸ਼ਾਹੀ ਵੇਲੇ ਤਾਂ ਬਾਲ ਕਹਾਣੀਆਂ ਦੀ ਹੋਰ ਵਧੇਰੇ ਲੋੜ ਮਹਿਸੂਸ ਕੀਤੀ ਜਾਣ ਲੱਗ ਪਈ। ਮੂਰਖ ਰਾਜਕੁਮਾਰਾਂ ਦੀ ਬੁੱਧੀ ਤੇਜ ਕਰਨ ਲਈ ਉਚੇਚੀਆਂ ਕਹਾਣੀਆਂ ਘੜੀਆਂ ਗਈਆਂ। ਰਾਜਿਆਂ ਦੇ ਵਾਰਸਾਂ ਨੂੰ ਕਹਾਣੀਆਂ ਰਾਹੀਂ ਰਾਜ ਕਰਨ ਦੀਆਂ ਕੂਟਨੀਤੀਆਂ ਸਿਖਾਈਆਂ ਜਾਣ ਲੱਗੀਆਂ।

ਅੱਜ ਰਾਜਿਆਂ ਦਾ ਰਾਜ ਨਹੀਂ ਰਿਹਾ। ਮੁਢਲੀਆਂ ਲੋੜਾਂ ਲਈ ਸਾਨੂੰ ਜੰਗਲਾਂ ਵਿਚ ਨਹੀਂ ਭਟਕਣਾ ਪੈਂਦਾ। ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਡੇ ਲਈ ਕਹਾਣੀਆਂ ਦੀ ਲੋੜ ਨਹੀਂ ਰਹੀ। ਜਿਨ੍ਹਾਂ ਨਵੀਂਆਂ ਨਵੇਲੀਆਂ ਚੀਜ਼ਾਂ ਤੇ ਖੋਜਾਂ ਨੇ ਸਾਡੇ ਜੀਵਨ ਨੂੰ ਬੇਹਦ ਸੁਖਾਲਾ ਬਣਾ ਦਿੱਤਾ ਹੈ, ਉਨ੍ਹਾਂ ਨੇ ਮੁਨੱਖੀ ਜੀਵਨ ਲਈ ਕਈ ਤਰ੍ਹਾਂ ਦੇ ਖਤਰੇ ਵੀ ਖੜ੍ਹੇ ਕਰ ਦਿੱਤੇ ਹਨ। ਕੁਦਰਤੀ ਨਿਆਮਤਾਂ ਦੀ ਬੇਲੋੜੀ ਵਰਤੋਂ ਨਾਲ ਮਨੁੱਖੀ ਹੋਂਦ ਖ਼ਤਰੇ ਵਿਚ ਪੈ ਗਈ ਹੈ। ਇਸ ਸਮੇਂ ਅਸੀਂ ਮਹਾਮਾਰੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਇਹ ਮਹਾਮਾਰੀ ਸਾਨੂੰ ਕਈ ਤਰ੍ਹਾਂ ਦੀਆਂ ਨਸੀਹਤਾਂ ਦੇ ਰਹੀ ਹੈ। ਮਹਾਮਾਰੀ ਨੇ ਸਾਨੂੰ ਸਫਾਈ ਰੱਖਣ ਲਈ ਤੇ ਭੀੜ-ਭੜਕੇ ਤੋਂ ਬੱਚਣ ਲਈ ਮਜ਼ਬੂਰ ਕਰ ਦਿੱਤਾ ਹੈ। ਹੁਣ ਸਾਨੂੰ ਹਰ ਹਾਲ ਵਿਚ ਪ੍ਰਕ੍ਰਿਤੀ ਨਾਲ ਜੁੜਨਾ ਪਵੇਗਾ। ਸਾਨੂੰ ਕੁਦਰਤੀ ਸਰੋਤਾਂ ਨੂੰ ਸੰਜਮ ਨਾਲ ਵਰਤਣਾ ਪਵੇਗਾ। ਮੋਬਾਇਲਾਂ ਤੇ ਲੈਪਟਾਪਾਂ ਉੱਪਰ ਪੜ੍ਹਾਈ ਕਰਦਿਆਂ ਸਾਨੂੰ ਮਾਨਸਿਕ ਥਕਾਨ ਉਤਾਰਨ ਦਾ ਕੋਈ ਨਾ ਕੋਈ ਵਸੀਲਾ ਲੱਭਣਾ ਪਵੇਗਾ। ਸਾਨੂੰ ਇਤਿਹਾਸ ਨੂੰ ਘੋਖਦਿਆਂ ਇਤਿਹਾਸ ਤੋਂ ਵੀ ਕੁਝ ਸਿੱਖਿਆ ਲੈਣੀ ਪਵੇਗੀ। ਇਹ ਸਾਰਾ ਕੁਝ ਸਾਨੂੰ

# ਮਿਹਨਤੀ ਚਿੜੀ

ਚਿੜੀ ਕਿਸਾਨ ਦੇ ਖੇਤ ਵਿਚ ਟਾਹਲੀ ਉੱਪਰ ਰਹਿੰਦੀ ਸੀ। ਚਿੜੀ, ਕਿਸਾਨ ਨੂੰ ਹਰ ਵੇਲੇ ਮਿਹਨਤ ਕਰਦਿਆਂ ਵੇਖਦੀ। ਕਿਸਾਨ ਮਿਹਨਤ ਹੀ ਨਹੀਂ, ਕਿਰਸ ਵੀ ਬਹੁਤ ਕਰਦਾ ਸੀ। ਕਿਸਾਨ ਆਪਣੇ ਖੇਤ ਵਿੱਚੋਂ ਦਾਣਾ-ਦਾਣਾ ਇਕੱਠਾ ਕਰਦਾ। ਉਹ ਆਉਣ ਵਾਲੇ ਸਮੇਂ ਲਈ ਦਾਣੇ ਬਚਾ ਕੇ ਰੱਖਦਾ ਸੀ।

ਚਿੜੀ ਵੀ ਕਿਸਾਨ ਵੱਲ ਵੇਖਕੇ ਮਿਹਨਤ ਕਰਨ ਲੱਗ ਪਈ । ਚਿੜੀ ਵੀ ਚੋਗਾ ਖੇਤਾਂ ਵਿੱਚੋਂ ਲੱਭ ਕੇ ਲਿਆਉਣ ਲੱਗ ਪਈ ਸੀ। ਚਿੜੀ, ਖੇਤਾਂ ਵਿੱਚੋਂ ਚੋਗਾ ਲਭਦੀ-ਲਭਦੀ ਦੂਰ ਨਿਕਲ ਜਾਂਦੀ। ਉਹ, ਕਿਸਾਨ ਦਾ ਸਟੋਰ ਕੀਤਾ ਹੋਇਆ ਅਨਾਜ ਨਹੀਂ ਚੁਰਾਉਂਦੀ ਸੀ। ਚਿੜੀ, ਕਿਸਾਨ ਵਾਂਗ ਬਚਤ ਵੀ ਕਰਨ ਲੱਗ ਪਈ ਸੀ। ਉਹ ਵੇਲੇ-ਕੁਵੇਲੇ ਲਈ ਅਨਾਜ ਬਚਾ ਕੇ ਰੱਖਦੀ।

ਜਿੱਥੇ ਚਿੜੀ ਰਹਿੰਦੀ ਸੀ, ਉੱਥੇ ਟਾਹਲੀ ਉੱਪਰ ਇਕ ਕਾਂ ਵੀ ਰਹਿੰਦਾ ਸੀ। ਕਾਂ ਬੇਹਦ ਆਲਸੀ, ਨਿਕੰਮਾ ਤੇ ਮੁਫਤਖੋਰ ਸੀ। ਕਾਂ ਬਿਲਕੁਲ ਵੀ ਮਿਹਨਤ ਨਹੀਂ ਕਰਦਾ ਸੀ। ਕਾਂ ਪਹਿਲੇ ਦਿਨ ਤੋਂ ਹੀ ਚੋਰੀ ਕਰਕੇ ਤੇ ਖੋਹ ਕੇ ਖਾਣ ਵਿਚ ਵਿਸ਼ਵਾਸ ਰੱਖਦਾ ਸੀ। ਹੁਣ ਕਾਂ ਨੂੰ ਹੋਰ ਵੀ ਮੌਜ ਲੱਗ ਗਈ ਸੀ। ਕਾਂ, ਚਿੜੀ ਦਾ ਚੋਗਾ ਖੋਹ ਕੇ ਤੇ ਚੁਰਾ ਕੇ ਖਾਣ ਲੱਗ ਪਿਆ ਸੀ।

ਚਿੜੀ, ਕਿਸਾਨ ਵਾਂਗ ਵੇਲੇ-ਕੁਵੇਲੇ ਲਈ ਦਾਣੇ ਇਕੱਠੇ ਕਰਕੇ ਆਲ੍ਹਣੇ ਵਿਚ ਰੱਖਦੀ ਸੀ। ਪਰ ਕਾਂ, ਚਿੜੀ ਦੇ ਇਕੱਠੇ ਕੀਤੇ ਦਾਣੇ ਝਪਟ ਕੇ ਲੈ ਜਾਂਦਾ ਸੀ।

ਚਿੜੀ ਕਈ ਦਿਨ ਵੇਖਦੀ ਰਹੀ। ਚਿੜੀ ਨੂੰ ਕਾਂ ਉੱਪਰ ਬੇਹਦ ਗੁੱਸਾ ਆਉਂਦਾ। ਪਰ ਚਿੜੀ, ਕਾਂ ਤੋਂ ਆਪਣਾ ਚੋਗਾ ਨਹੀਂ ਬਚਾ ਸਕਦੀ ਸੀ। ਉਹ, ਕਾਂ ਨਾਲੋਂ ਕੰਮਜ਼ੋਰ ਸੀ।


"ਕਾਂ ਤੋਂ ਅਨਾਜ ਬਚਾਉਣ ਦਾ ਕੋਈ ਹੀਲਾ ਕਰਨਾ ਪਵੇਗਾ।" ਚਿੜੀ ਨੇ ਸੋਚਿਆ ਤੇ ਉਸਨੇ ਇਕੱਠੇ ਕੀਤੇ ਦਾਣੇ ਛੁਪਾ ਕੇ ਰੱਖਣੇ ਸ਼ੁਰੂ ਕਰ ਦਿੱਤੇ। ਉਸਨੇ ਆਪਣੇ ਦਾਣਿਆਂ ਨੂੰ ਛੁਪਾਉਣ ਲਈ ਟਾਹਲੀ ਦੇ ਮੁੱਢ ਵਿਚ ਇਕ ਖੋੜ੍ਹ ਲੱਭ ਲਈ।

ਚਿੜੀ ਦਾਣੇ ਬਚਾ ਕੇ ਖੋੜ੍ਹ ਵਿਚ ਰੱਖਣ ਲੱਗ ਪਈ ਸੀ ਪਰ ਇਥੇ ਵੀ ਚਿੜੀ ਦੇ ਦਾਣੇ ਕੁਝ ਦਿਨ ਹੀ ਸੁਰੱਖਿਅਤ ਰਹੇ। ਕਾਂ ਨੂੰ ਪਤਾ ਲੱਗ ਗਿਆ ਸੀ। ਉਹ ਖੋੜ੍ਹ ਵਿੱਚੋਂ ਵੀ ਚਿੜੀ ਦੇ ਦਾਣੇ ਚੁਰਾਉਣ ਲੱਗ ਪਿਆ ਸੀ।

ਕਾਂ ਦੀਆਂ ਹਰਕਤਾਂ ਵੇਖਕੇ ਚਿੜੀ ਸਮਝ ਗਈ ਕਿ ਕਾਂ ਤੋਂ ਚੋਗਾ ਬਚਾਉਣ ਲਈ ਕੋਈ ਹੋਰ ਹੀਲਾ ਕਰਨਾ ਪਵੇਗਾ।

ਚਿੜੀ ਬੇਹਦ ਸਿਆਣੀ ਤੇ ਮਿਹਨਤੀ ਸੀ। ਚਿੜੀ ਨੇ ਥੋੜ੍ਹੀ ਦੂਰ ਇਕ ਟਾਹਲੀ ਵਿਚ ਇਕ ਹੋਰ ਲੰਮੀ ਸੁਰੰਗ ਵਰਗੀ ਖੋੜ੍ਹ ਲੱਭ ਲਈ। ਹੁਣ ਚਿੜੀ ਨੇ ਦਾਣੇ ਬਚਾ ਕੇ ਇਸ ਸੁਰੰਗ ਵਰਗੀ ਖੋੜ੍ਹ ਵਿਚ ਰੱਖਣੇ ਸ਼ੁਰੂ ਕਰ ਦਿੱਤੇ।

ਕਾਂ ਨੂੰ ਚਿੜੀ ਦੇ ਨਵੇਂ ਸਟੋਰ ਦਾ ਵੀ ਪਤਾ ਲੱਗ ਗਿਆ ਸੀ। ਕਾਂ ਚਿੜੀ ਦੇ ਨਵੇਂ ਸਟੋਰ ਵਿੱਚੋਂ ਵੀ ਦਾਣੇ ਚੁਰਾਉਣ ਆਇਆ ਪਰ ਚੁਰਾ ਨਾ ਸਕਿਆ। ਟਾਹਲੀ ਵਿਚਲੀ ਇਸ ਸੁਰੰਗ ਵਰਗੀ ਖੋੜ ਵਿਚ ਚਿੜੀ ਤੇ ਵੜ ਸਕਦੀ ਸੀ ਪਰ ਕਾਂ ਨਹੀਂ। ਕਾਂ ਨੇ ਚਿੜੀ ਦੇ ਦਾਣੇ ਚੁਰਾਉਣ ਦੇ ਇਰਾਦੇ ਨਾਲ ਕਈ ਵਾਰ ਖੋੜ ਵਿਚ ਵੜਨ ਦੀ ਕੋਸ਼ਿਸ਼ ਕੀਤੀ ਪਰ ਸਫ਼ਲ ਨਾ ਹੋਇਆ।



ਕਾਂ ਬੇਹਦ ਨਿਕੰਮਾ ਸੀ।

"ਬਹੁਤਾ ਸਿਆਣੀ ਬਣਦੀ ਚਿੜੀਏ! ਇਹ ਦਾਣੇ ਖਾਣ ਮੈਂ, ਤੈਨੂੰ ਵੀ ਨਹੀਂ ਦਿੰਦਾ।" ਕਾਂ ਨੇ ਕਚੀਚੀ ਵੱਟਦੇ ਹੋਏ ਆਖਿਆ ਤੇ ਉਹ ਆਪਣੀ ਚੁੰਝ ਪਾਣੀ ਨਾਲ ਭਰ-ਭਰ ਕੇ ਲਿਆਉਣ ਲੱਗ ਪਿਆ। ਕਾਂ, ਚੁੰਝ ਨਾਲ ਪਾਣੀ ਖੋੜ੍ਹ ਵਿਚ ਪਾਈ ਜਾ ਰਿਹਾ ਸੀ। ਉਸਨੇ ਥੋੜ੍ਹੀ ਦੇਰ ਵਿਚ ਹੀ ਖੋੜ੍ਹ ਪਾਣੀ ਨਾਲ ਭਰ ਦਿੱਤੀ।

ਚਿੜੀ ਕਈ ਦਿਨਾਂ ਬਾਅਦ ਆਪਣੇ ਦਾਣਿਆਂ ਵਾਲੇ ਸਟੋਰ ਨੂੰ ਵੇਖਣ ਆਈ। ਉਸਨੇ ਸਟੋਰ ਵਿਚ ਕੁਝ ਹੋਰ ਦਾਣੇ ਰੱਖਣੇ ਸਨ।

ਚਿੜੀ ਨੂੰ ਆਪਣੇ ਸਟੋਰ ਵਿਚ ਸੰਭਾਲੇ ਦਾਣਿਆਂ ਨੂੰ ਵੇਖ ਕੇ ਬਹੁਤ ਦੁਖ ਹੋਇਆ। ਸਾਰੇ ਦਾਣੇ ਪੁੰਗਰੇ ਪਏ ਸਨ। ਚਿੜੀ ਸਮਝ ਗਈ ਕਿ ਇਹ ਕਰਤੂਤ ਕਾਂ ਦੀ ਹੀ ਹੈ।

ਚਿੜੀ ਬੇਹਦ ਸਿਆਣੀ ਸੀ। ਕਾਂ ਨੇ ਭਾਵੇਂ ਸਾਰੇ ਦਾਣੇ ਖਰਾਬ ਕਰ ਦਿੱਤੇ ਸਨ। ਚਿੜੀ ਨੇ ਫਿਰ ਵੀ ਕੋਈ ਉਲਾਭ੍ਹਾ ਨਾ ਦਿੱਤਾ। ਉਸਨੇ ਨਾ ਹੀ ਪੁੰਗਰੇ ਦਾਣਿਆਂ ਨੂੰ ਵਿਅਰਥ ਗਵਾਇਆ। ਚਿੜੀ ਨੇ ਇਕ-ਇਕ ਦਾਣਾ ਚੁੱਕ ਕੇ ਖੇਤ ਵਿਚ ਇਕ ਵੱਟ ਨਾਲ ਦੱਬ ਦਿੱਤਾ।

ਕੁਝ ਦਿਨਾਂ ਵਿਚ ਚਿੜੀ ਦੇ ਬੀਜੇ ਦਾਣਿਆਂ ਦੇ ਬੂਟੇ ਬਣਨ ਲੱਗ ਪਏ। ਚਿੜੀ ਵੀ ਆਪਣੀ ਖੇਤੀ ਦੀ ਸੰਭਾਲ ਕਰਨ ਲੱਗ ਪਈ। ਚਿੜੀ ਬੂਟਿਆਂ ਨੂੰ ਸਮੇਂ ਸਿਰ ਪਾਣੀ ਦਿੰਦੀ ਤੇ ਇਨ੍ਹਾਂ ਦੀ ਗੋਡੀ ਕਰਦੀ।

ਬੂਟੇ ਹੌਲ਼ੀ ਹੌਲ਼ੀ ਵੱਡੇ ਹੁੰਦੇ ਜਾ ਰਹੇ ਸਨ। ਚਿੜੀ ਨੂੰ ਆਪਣੇ ਵਾਂਗ ਮਿਹਨਤ ਕਰਦਿਆਂ ਵੇਖਕੇ ਕਿਸਾਨ ਬੇਹਦ ਖੁਸ਼ ਹੋਇਆ ਪਰ ਈਰਖਾਲੂ ਕਾਂ ਨੂੰ ਇਹ ਸਭ ਪਸੰਦ ਨਹੀਂ ਸੀ। ਕਾਂ ਠੂੰਗੇ ਮਾਰ ਮਾਰ ਕੇ ਚਿੜੀ ਦੀ ਖੇਤੀ ਨੂੰ ਵੀ ਖਰਾਬ ਕਰਨ ਆਣ ਲੱਗਾ।

ਫਿਰ ਇਕ ਦਿਨ ਕਾਂ ਚਿੜੀ ਦੀ ਖੇਤੀ ਉਜਾੜਦਾ ਹੋਇਆ ਕਿਸਾਨ ਦੀ ਨਜ਼ਰ ਪੈ ਗਿਆ।

"ਕਾਂਵਾਂ ਕਾਣਿਆ! ਤੇਰੇ ਵਰਗੇ ਈਰਖਾਲੂਆਂ ਤੇ ਮੁਫ਼ਤਖੋਰਾਂ ਨੂੰ ਮੈਂ ਸਿਖਾਉਂਦਾ ਸਬਕ।" ਕਿਸਾਨ ਨੇ ਕਾਂ ਨੂੰ ਇੱਟ-ਵੱਟਾ ਮਾਰਦੇ ਹੋਏ ਆਖਿਆ। ਕਾਂ ਮਸ੍ਹਾਂ ਕਿਸਾਨ ਦੇ ਵੱਟੇ ਦੀ ਮਾਰ ਤੋਂ ਬਚਿਆ।


ਹੁਣ ਕਿਸਾਨ ਆਪਣੀ ਖੇਤੀ ਦੇ ਨਾਲ-ਨਾਲ ਚਿੜੀ ਦੀ ਖੇਤੀ ਦੀ ਵੀ ਰਖਵਾਲੀ ਕਰਨ ਲੱਗ ਪਿਆ ਸੀ। ਕਿਸਾਨ ਨੇ ਆਪਣੇ ਖੇਤ ਵਿਚ ਕਾਂ ਦਾ ਰਹਿਣਾ ਦੁਬਰ ਕਰ ਦਿੱਤਾ ਸੀ। ਕਿਸਾਨ ਕਾਂ ਨੂੰ ਵੇਖਣ ਸਾਰ ਮਾਰਨ ਪੈ ਜਾਂਦਾ। ਕਿਸਾਨ ਤੋਂ ਆਪਣਾ-ਆਪ ਬਚਾਉਂਦਾ ਹੋਇਆ ਕਾਂ ਕਿਧਰੇ ਹੋਰ ਚਲਾ ਗਿਆ।

ਹੁਣ ਚਿੜੀ ਦੀ ਖੇਤੀ ਵੀ ਕਿਸਾਨ ਦੀ ਖੇਤੀ ਵਾਂਗ ਲਹਿਰਨ ਲੱਗ ਪਈ ਸੀ। ਚਿੜੀ ਬੇਹਦ ਖੁਸ਼ ਸੀ। ਆਪਣੀ ਲਹਿਲਰਾਉਂਦੀ ਖੇਤੀ ਵੇਖ ਕੇ ਚਿੜੀ ਮੁਸਕਰਾਉਂਦੀ ਰਹਿੰਦੀ ਸੀ।

# ਚਿੰਕੂ ਗੇਮ ਖੇਡਦਾ ਸੀ

ਇਕ ਦਿਨ ਚਿੰਕੂ ਕਮਰੇ ਵਿਚ ਅੰਗੀਠੀ ਉੱਪਰ ਇਕ ਫੋਟੋ ਪਿੱਛੇ ਛੁਪਿਆ ਬੈਠਾ ਸੀ। ਉਸਦੀ ਨਿਗ੍ਹਾ ਘਰ ਦੇ ਮਾਲਕ 'ਤੇ ਪੈ ਗਈ। ਮਾਲਕ ਮੋਬਾਇਲ ਉੱਪਰ ਕੋਈ ਗੇਮ ਖੇਡ ਰਿਹਾ ਸੀ। ਮਾਲਕ ਨੂੰ ਗੇਮ ਖੇਡਦਿਆਂ ਵੇਖਕੇ ਚਿੰਕੂ ਦਾ ਮਨ ਵੀ ਮੋਬਾਇਲ ਲੈਕੇ ਗੇਮ ਖੇਡਣ ਨੂੰ ਲਲਚਾਉਣ ਲੱਗ ਪਿਆ।

ਫਿਰ ਜਦੋਂ ਮਾਲਕ ਮੋਬਾਇਲ ਘਰ ਛੱਡ ਕੇ ਕਿਸੇ ਕੰਮ-ਧੰਦੇ ਲੱਗਾ, ਚਿੰਕੂ ਨੇ ਮੋਬਾਇਲ ਫੜ ਲਿਆ। ਉਹ ਵੀ ਮਾਲਕ ਵਾਂਗ ਮੋਬਾਇਲ ਉੱਪਰ ਗੇਮ ਖੇਡਣ ਲੱਗ ਪਿਆ। ਚਿੰਕੂ ਨੂੰ ਮੋਬਾਇਲ ਦਾ ਪਾਸਵਰਡ ਪਤਾ ਲੱਗ ਗਿਆ ਸੀ। ਚਿੰਕੂ ਨੇ ਘਰ ਦੇ ਮਾਲਕ ਨੂੰ ਪਾਸਵਰਡ ਲਗਾ ਕੇ ਮੋਬਾਇਲ ਖੋਲ੍ਹਦੇ ਨੂੰ ਵੇਖ ਲਿਆ ਸੀ।



ਹੁਣ ਜਦੋਂ ਵੀ ਚਿੰਕੂ ਦਾ ਦਾਅ ਲੱਗਦਾ, ਉਹ ਮਾਲਕ ਦਾ ਮੋਬਾਇਲ ਫੜ ਲੈਂਦਾ ਤੇ ਗੇਮ ਖੇਡਣ ਲੱਗ ਜਾਂਦਾ। ਮਾਲਕ ਬਾਹਰ-ਅੰਦਰ ਜਾਣ ਵੇਲੇ ਕਦੇ ਹੀ ਮੋਬਾਇਲ ਲੈ ਕੇ ਜਾਂਦਾ ਸੀ। ਇਸ ਤਰ੍ਹਾਂ ਚਿੰਕੂ ਨੂੰ ਮੋਬਾਇਲ ਉੱਪਰ ਗੇਮ ਖੇਡਣ ਦਾ ਮੌਕਾ ਮਿਲਦਾ ਹੀ ਰਹਿੰਦਾ ਸੀ। ਚਿੰਕੂ ਕਈ ਕਈ ਘੰਟੇ ਮੋਬਾਇਲ ਉੱਪਰ ਗੇਮ ਖੇਡਦਾ ਰਹਿੰਦਾ। ਚਿੰਕੂ ਦੀ ਮਾਂ, ਉਸਨੂੰ ਮੋਬਾਇਲ ਉੱਪਰ ਗੇਮ ਖੇਡਣ ਤੋਂ ਰੋਕਦੀ ਰਹਿੰਦੀ ਸੀ। ਮਾਂ ਵਾਰ ਵਾਰ ਚਿੰਕੂ ਨੂੰ ਪੜ੍ਹਨ ਲਈ ਤੇ ਖੇਡਣ ਵੇਲੇ ਬਾਹਰ ਮੈਦਾਨ ਵਿਚ ਜਾਣ ਲਈ ਆਖਦੀ ਸੀ।

"ਲਗਾਤਾਰ ਮੋਬਾਇਲ ਵੇਖਣ ਨਾਲ ਸਾਨੂੰ ਮਾਨਸਿਕ ਥਕਾਨ ਹੁੰਦੀ ਹੈ। ਮੋਬਾਇਲ ਦੀ ਰੋਸ਼ਨੀ ਦਾ ਸਾਡੀਆਂ ਅੱਖਾਂ 'ਤੇ ਮਾੜਾ ਅਸਰ ਪੈਂਦਾ ਤੇ ਬਾਹਰ ਮੈਦਾਨ ਵਿਚ ਜਾਕੇ ਖੇਡਣ ਨਾਲ ਮਾਨਸਿਕ ਥਕਾਨ ਹੀ ਨਹੀਂ ਲਹਿੰਦੀ, ਸਾਡਾ ਸਰੀਰ ਫੁਰਤੀਲਾ ਵੀ ਬਣਦਾ।" ਮਾਂ, ਚਿੰਕੂ ਨੂੰ ਸਮਝਾਉਂਦੀ ਹੋਈ ਆਖਦੀ। ਪਰ ਚਿੰਕੂ ਨੇ ਮਾਂ ਦੀ ਕਦੇ ਨਹੀਂ ਸੁਣੀ ਸੀ।

ਫਿਰ ਇਕ ਦਿਨ ਚਿੰਕੂ ਚੂਹਾ ਮੋਬਾਇਲ ਉੱਪਰ ਕੋਈ ਗੇਮ ਖੇਡ ਰਿਹਾ ਸੀ। ਉਸਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਬਿੱਲੀ ਆ ਗਈ। ਬਿੱਲੀ ਚਿੰਕੂ ਦੇ ਬਿਲਕੁਲ ਨੇੜੇ ਪਹੁੰਚ ਗਈ ਸੀ। ਚਿੰਕੂ ਮੋਬਾਇਲ ਛੱਡ ਕੇ ਫਟਾਫਟ ਭੱਜਾ। ਉਸਨੇ ਬੜੀ ਮੁਸ਼ਕਲ ਨਾਲ ਬਿੱਲੀ ਤੋਂ ਆਪਣੀ ਜਾਨ ਬਚਾਈ।

"ਮੇਰਾ ਧਿਆਨ ਮੋਬਾਇਲ ਵਿਚ ਸੀ। ਇਸ ਕਰਕੇ ਮੈਨੂੰ ਬਿੱਲੀ ਦੀ ਆਮਦ ਦਾ ਪਤਾ ਨਹੀਂ ਲੱਗਾ।" ਸਾਹੋ-ਸਾਹੀ ਹੋਏ ਚਿੰਕੂ ਨੂੰ ਖਿਆਲ ਆਇਆ। ਪਰ ਅਸਲੀਅਤ ਇਹ ਨਹੀਂ ਸੀ।

ਚਿੰਕੂ ਚੂਹਾ ਅਗਲੇ ਦਿਨ ਮੋਬਾਇਲ ਨਹੀਂ ਵੇਖ ਰਿਹਾ ਸੀ। ਅਗਲੇ ਦਿਨ ਫਿਰ ਉਸਨੂੰ ਬਿੱਲੀ ਦੀ ਆਮਦ ਦਾ ਪਤਾ ਨਾ ਲੱਗਾ। ਉਂਜ ਵੀ ਕੁਝ ਦਿਨਾਂ ਤੋਂ ਉਸਦਾ ਸਿਰ ਭਾਰਾ-ਭਾਰਾ ਰਹਿੰਦਾ ਸੀ। ਚਿੰਕੂ ਨੇ ਇਹ ਸਾਰਾ ਕੁਝ ਆਪਣੀ ਮਾਂ ਨੂੰ ਦੱਸਿਆ ਤੇ ਮਾਂ ਚਿੰਤਾ ਵਿਚ ਡੁਬ ਗਈ।

ਮਾਂ, ਚਿੰਕੂ ਨੂੰ ਲੈਕੇ ਅੱਖਾਂ ਦੇ ਡਾਕਟਰ ਰਿੱਛ ਕੋਲ ਪਹੁੰਚ ਗਈ। ਰਿੱਛ ਡਾਕਟਰ ਨੇ ਚੈਕਅਪ ਕਰਕੇ ਚਿੰਕੂ ਦੇ ਐਨਕ ਚੜ੍ਹਾ ਦਿੱਤੀ। ਰਿੱਛ ਡਾਕਟਰ ਨੇ ਚਿੰਕੂ ਨੂੰ ਮੋਬਾਇਲ ਬਿਲਕੁਲ ਵੀ ਨਾ ਵੇਖਣ ਦੀ ਚਿਤਾਵਨੀ ਦੇ ਦਿੱਤੀ ਸੀ। ਉਸਨੇ ਚਿੰਕੂ ਨੂੰ ਹਰੀਆਂ ਸਬਜੀਆਂ, ਸਲਾਦ ਤੇ ਪੌਸ਼ਟਿਕ ਖੁਰਾਕ ਖਾਣ ਦੀ ਸਲਾਹ ਦਿੱਤੀ ਸੀ।

"ਖਾਣ-ਪੀਣ ਦਾ ਖਿਆਲ ਰੱਖਣ 'ਤੇ ਐਨਕ ਉੱਤਰ ਜਾਵੇਗੀ।" ਰਿੱਛ ਡਾਕਟਰ ਨੇ ਆਖਿਆ ਸੀ।

ਹੁਣ ਚਿੰਕੂ ਖੂਬ ਹਰੀਆਂ ਸਬਜੀਆਂ, ਸਲਾਦ ਤੇ ਫਲ਼ ਖਾਂਦਾ। ਪੌਸ਼ਟਿਕ ਖੁਰਾਕ ਲਈ ਉਸਨੂੰ ਰੋਜ਼ਾਨਾ ਕਈ ਘਰਾਂ ਵਿਚ ਫਿਰਨਾ ਪੈਂਦਾ। ਚਿੰਕੂ ਫਿਰ-ਤੁਰ ਕੇ ਪੌਸ਼ਟਿਕ ਖੁਰਾਕ ਤਾਂ ਲੱਭ ਲੈਂਦਾ ਸੀ, ਪਰ ਉਹ ਹਰ ਵੇਲੇ ਡਰਦਾ ਰਹਿੰਦਾ। ਬਿੱਲੀ ਉਸਨੂੰ ਕਿਸੇ ਵੇਲੇ ਵੀ ਦਬੋਚ ਸਕਦੀ ਸੀ। ਉਸ ਕੋਲੋਂ ਐਨਕ ਲਾਕੇ ਬਹੁਤਾ ਤੇਜ ਨਹੀਂ ਸੀ ਭੱਜਿਆ ਜਾਂਦਾ। ਉਂਜ ਵੀ ਐਨਕ ਵਾਲੇ ਚਿੰਕੂ ਦੀ ਸਭ ਘਰਾਂ ਵਾਲਿਆਂ ਨੂੰ ਪਛਾਣ ਹੋ ਗਈ ਸੀ।

"ਕਲ੍ਹ ਵਾਲਾ ਐਨਕ ਵਾਲਾ ਚੂਹਾ ਫਿਰ ਆ ਗਿਆ।" ਚਿੰਕੂ ਜਿਸ ਘਰ ਵਿਚ ਵੀ ਜਾਂਦਾ, ਚਿੰਕੂ ਨੂੰ ਵੇਖਕੇ ਉਸ ਘਰ ਦੇ ਬੱਚੇ ਰੌਲਾ ਪਾ ਦਿੰਦੇ। ਬੱਚੇ, ਚਿੰਕੂ ਦੇ ਪਿੱਛੇ ਪੈ ਜਾਂਦੇ ਤੇ ਚਿੰਕੂ ਨੂੰ ਆਪਣੀ ਜਾਨ ਬਚਾਉਣੀ ਮੁਸ਼ਕਲ ਹੋ ਜਾਂਦੀ।



ਚਿੰਕੂ ਦਾ ਸਾਰਾ ਦਿਨ ਘਚਾਨੀਆਂ ਦੇਣ ਵਿਚ ਹੀ ਲੰਘ ਜਾਂਦਾ। ਹੁਣ ਭੱਜਣ ਵੇਲੇ ਚਿੰਕੂ ਦੀਆਂ ਅੱਖਾਂ ਹੇਠਾਂ ਪਸੀਨਾ ਵੀ ਵਧੇਰੇ ਆਉਂਦਾ। ਚਿੰਕੂ ਉਸ ਦਿਨ ਦੀ ਉਡੀਕ ਵਿਚ ਸੀ, ਜਿਸ ਦਿਨ ਉਸਦੀ ਐਨਕ ਉਤਰ ਜਾਵੇਗੀ। ਰੋਜ਼ਾਨਾ ਪੌਸ਼ਟਿਕ ਖੁਰਾਕ ਖਾਣ ਨਾਲ ਤੇ ਮੋਬਾਇਲ ਨਾ ਵੇਖਣ ਕਾਰਣ ਚਿੰਕੂ ਦੀ ਐਨਕ ਦਾ ਨੰਬਰ ਦਿਨ ਪ੍ਰਤੀ ਦਿਨ ਘਟਦਾ ਜਾ ਰਿਹਾ ਸੀ।

# ਘੁਮੰਡੀ ਖਰਗੋਸ਼


ਖਰਗੋਸ਼ ਇਕ ਦਿਨ ਜੰਗਲ ਵਿੱਚੋਂ ਲੰਘ ਰਿਹਾ ਸੀ। ਉਸਦੇ ਨਾਲ ਕਛੂਕੁੰਮਾ ਵੀ ਸੀ। ਖਰਗੋਸ਼ ਦੀ ਨਿਗ੍ਹਾ ਜੰਗਲ ਵਿਚ ਬਣੇ ਖੇਡ ਮੈਦਾਨ 'ਤੇ ਪੈ ਗਈ। ਖੇਡ ਮੈਦਾਨ ਵਿਚ ਵਾਹਵਾ ਰੌਣਕ ਸੀ। ਉਥੇ ਵੱਖ-ਵੱਖ ਖੇਡਾਂ ਹੋ ਰਹੀਆਂ ਸਨ। ਖੇਡ ਮੈਦਾਨ ਵਿਚ ਜਾਨਵਰਾਂ ਨੂੰ ਖੇਡਦੇ ਵੇਖਕੇ ਖਰਗੋਸ਼ ਦੁਬਾਰਾ ਘੁਮੰਡ ਵਿਚ ਆਕੇ ਕਛੂਕੁੰਮੇ ਨੂੰ ਮਜਾਕ ਕਰਨ ਲੱਗ ਪਿਆ।

"ਕਛੂਕੁੰਮੇ ਭਰਾ! ਚੱਲ ਫਿਰ ਆਪਾਂ ਵੀ ਦੌੜ ਲਾਉਂਦੇ ਹਾਂ।" ਖਰਗੋਸ਼ ਨੇ ਆਖਿਆ।

"ਭਰਾਵਾ! ਤੂੰ ਮੈਨੂੰ ਮਜ਼ਾਕ ਨਾ ਕਰ। ਮੇਰੀ ਚਾਲ ਬਹੁਤ ਧੀਮੀ ਹੈ। ਮੈਂ, ਕਿਸੇ ਵੀ ਤਰ੍ਹਾਂ ਤੈਨੂੰ ਹਰਾ ਨਹੀਂ ਸਕਦਾ।" ਕਛੂਕੁੰਮੇ ਨੇ ਖਰਗੋਸ਼ ਨੂੰ ਸਮਝਾਇਆ। ਪਰ ਖਰਗੋਸ਼ ਵੇਲਾ ਖੁਝਾਉਣਾ ਨਹੀਂ ਚਾਹੁੰਦਾ ਸੀ।

"ਕਛੂਕੁੰਮੇ ਭਰਾ! ਦੌੜ ਲਾਉਣ ਨਾਲ ਸਰੀਰ ਫੁਰਤੀਲਾ ਬਣਦਾ ਤੇ ਨਿਰੋਗ ਰਹਿੰਦਾ। ਚੱਲ ਆਪਾਂ ਵੀ ਦੌੜਦੇ ਹਾਂ।" ਖਰਗੋਸ਼ ਨੇ ਫਿਰ ਆਖਿਆ।

ਇਕ ਵਾਰ ਪਹਿਲਾਂ ਖਰਗੋਸ਼ ਅਤੇ ਕਛੂਕੁੰਮੇ ਨੇ ਦੌੜ ਲਗਾਈ ਸੀ। ਉਦੋਂ ਖਰਗੋਸ਼ ਰਾਹ ਵਿਚ ਜਾਕੇ ਸੌਂ ਗਿਆ ਸੀ। ਕਛੂਕੁੰਮਾ ਹੌਲ਼ੀ-ਹੌਲ਼ੀ ਤੁਰਦਾ ਹੋਇਆ ਵੀ ਅੱਗੇ ਲੰਘ ਗਿਆ ਸੀ ਤੇ ਜਿੱਤ ਗਿਆ ਸੀ। ਖਰਗੋਸ਼ ਹੁਣ ਦੁਬਾਰਾ ਕਛੂਕੁੰਮੇ ਨਾਲ ਦੌੜ ਲਗਾ ਕੇ ਉਸ ਕੋਲੋਂ ਜੇਤੂ ਵਾਲਾ ਖਿਤਾਬ ਖੋਹਣਾ ਚਾਹੁੰਦਾ ਸੀ।




ਕਛੂਕੁੰਮਾ ਜਾਣਦਾ ਸੀ ਕਿ ਇਸ ਵਾਰ ਖਰਗੋਸ਼ ਨੇ ਸੌਣਾ ਨਹੀਂ ਹੈ ਤੇ ਉਹ ਦੌੜਦਾ ਹੋਇਆ ਖਰਗੋਸ਼ ਨੂੰ ਕਿਸੇ ਤਰ੍ਹਾਂ ਵੀ ਹਰਾ ਨਹੀਂ ਸਕਦਾ। ਫਿਰ ਵੀ ਕਛੂਕੁੰਮੇ ਨੇ ਦੌੜਨ ਲਈ ਹਾਂ ਕਰ ਦਿੱਤੀ।

"ਜਿਤ-ਹਾਰ ਤਾਂ ਹੁੰਦੀ ਹੀ ਰਹਿੰਦੀ ਹੈ। ਜਿਤਣਾ ਇਕ ਨੇ ਹੀ ਹੁੰਦਾ ਹੈ।" ਕਛੂਕੁੰਮੇ ਨੇ ਸੋਚਿਆ ਸੀ।

ਫਿਰ ਖਰਗੋਸ਼ ਅਤੇ ਕਛੂਕੁੰਮਾ ਦੌੜਨ ਲਈ ਖੇਡ ਮੈਦਾਨ ਵਿਚ ਪਹੁੰਚ ਗਏ।

ਖਰਗੋਸ਼ ਅਤੇ ਕਛੂਕੁੰਮੇ ਨੂੰ ਆਉਂਦੇ ਵੇਖਕੇ ਮੈਦਾਨ ਵਿਚ ਜੁੜੇ ਜਾਨਵਰਾਂ ਨੇ ਫਟਾਫਟ ਟਰੈਕ ਖਾਲੀ ਕਰ ਦਿੱਤਾ। ਖਰਗੋਸ਼ ਅਤੇ ਕਛੂਕੁੰਮੇ ਦੀ ਦੌੜ ਵੇਖਣ ਲਈ ਸਾਰੇ ਜਾਨਵਰ ਘੇਰਾ ਬਣਾ ਕੇ ਖੜ੍ਹੇ ਹੋ ਗਏ ਸਨ। ਸਾਰੇ ਜਾਨਵਰ, ਖਰਗੋਸ਼ ਅਤੇ ਕਛੂਕੁੰਮੇ ਦੀ ਦੌੜ ਵੇਖਣ ਲਈ ਉਤਾਵਲੇ ਸਨ। ਖਰਗੋਸ਼ ਅਤੇ ਕਛੂਕੁੰਮੇ ਦੀ ਦੌੜ ਨਾਲ ਉਨ੍ਹਾਂ ਦਾ ਵਧੇਰੇ ਮਨੋਰੰਜਨ ਹੋਣਾ ਸੀ। ਜਾਨਵਰ, ਬਹੁਤ ਹੌਲ਼ੀ ਤੁਰਨ ਵਾਲੇ ਕਛੂਕੁੰਮੇ ਦੀ ਆਸ਼ਾਵਾਦੀ ਸੋਚ ਨੂੰ ਵੇਖਕੇ ਰੋਮਾਂਚਿਤ ਹੋ ਰਹੇ ਸਨ।

ਰਿੱਛ ਰੈਫਰੀ ਦੇ ਸੀਟੀ ਮਾਰਨ ਨਾਲ ਖਰਗੋਸ਼ ਤੇ ਕਛੂਕੁੰਮੇ ਦੀ ਦੌੜ ਸ਼ੁਰੂ ਹੋ ਗਈ।



ਖਰਗੋਸ਼ ਚੰਗਾ ਦੌੜਾਕ ਸੀ। ਉਹ ਬਹੁਤ ਤੇਜੀ ਨਾਲ ਭੱਜਾ ਤੇ ਕਛੂਕੁੰਮੇ ਨੂੰ ਪਿੱਛੇ ਛੱਡ ਗਿਆ। ਜਿੰਨੀ ਦੇਰ ਖਰਗੋਸ਼ ਤੇ ਕਛੂਕੁੰਮਾ ਭੱਜਦੇ ਰਹੇ, ਜਾਨਵਰ ਓਨੀ ਦੇਰ ਤਾੜੀਆਂ ਮਾਰਦੇ ਰਹੇ।

ਖਰਗੋਸ਼ ਨੇ ਕਛੂਕੁੰਮੇ ਨੂੰ ਬਹੁਤ ਪਿੱਛੇ ਛੱਡ ਦਿੱਤਾ ਸੀ। ਖਰਗੋਸ਼, ਕਛੂਕੁੰਮੇ ਤੋਂ ਵਾਹਵਾ ਚਿਰ ਪਹਿਲਾਂ ਸਿਰੇ ਲੱਗ ਗਿਆ। ਪਰ ਰਿੱਛ ਰੈਫਰੀ ਨੇ ਫਿਰ ਕਛੂਕੁੰਮੇ ਨੂੰ ਹੀ ਜੇਤੂ ਐਲਾਨਿਆ।

ਖਰਗੋਸ਼ ਚੰਗਾ ਦੌੜਾਕ ਜ਼ਰੂਰ ਸੀ ਪਰ ਉਹ ਨਿਯਮਾਂ ਦਾ ਪਾਬੰਦ ਨਹੀਂ ਸੀ। ਖੇਡ ਮੈਦਾਨ ਵਿਚਲੇ ਪ੍ਰਬੰਧਕ ਜਾਨਵਰਾਂ ਨੇ ਖਰਗੋਸ਼ ਤੇ ਕਛੂਕੁੰਮੇ ਨੂੰ ਵਾਰ ਵਾਰ ਦੌੜ ਦੇ ਨਿਯਮ ਸਮਝਾਏ ਸਨ। ਪਰ ਖਰਗੋਸ਼ ਨੇ ਨਿਯਮਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਉਹ ਸਰਪਟ ਦੌੜਦਾ ਹੋਇਆ ਟਰੈਕ ਤੋਂ ਬਾਹਰ ਨਿਕਲ ਗਿਆ ਸੀ। ਇਸ ਕਰਕੇ ਖਰਗੋਸ ਨੂੰ ਦੌੜ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ। ਕਛੂਕੁੰਮਾ ਫਿਰ ਜਿੱਤ ਗਿਆ ਸੀ। ਜਾਨਵਰ ਬੇਹਦ ਖੁਸ਼ ਸਨ। ਜਾਨਵਰਾਂ ਨੇ ਖਰਗੋਸ਼ ਦੇ ਹਾਰਨ ਦੀ ਕਹਾਣੀ ਪਹਿਲਾਂ ਸੁਣੀ ਹੀ ਸੀ, ਹੁਣ ਉਨ੍ਹਾਂ ਨੇ ਆਪਣੀ ਅੱਖੀ ਵੀ ਵੇਖ ਲਈ ਸੀ।

# ਚੱਕੀਰਾਹੇ ਦੀ ਕੋਠੀ

ਚੱਕੀਰਾਹਾ ਸੜਕ ਕੰਢੇ ਇਕ ਦਰੱਖਤ ਉੱਪਰ ਰਹਿੰਦਾ ਸੀ। ਚੱਕੀਰਾਹੇ ਨੇ ਆਪਣੀ ਰਿਹਾਇਸ਼ ਵਾਸਤੇ ਦਰੱਖਤ ਦੇ ਤਣੇ ਵਿਚ ਘਰ ਬਣਾਇਆ ਹੋਇਆ ਸੀ।

ਜਿੱਥੇ ਚੱਕੀਰਾਹਾ ਰਹਿੰਦਾ ਸੀ, ਉਸਦੇ ਸਾਹਮਣੇ ਸੜਕ ਦੇ ਦੂਸਰੇ ਪਾਸੇ ਇਕ ਕੋਠੀ ਉਸਰ ਗਈ ਸੀ। ਨਵੀਂ ਬਣੀ ਇਸ ਕੋਠੀ ਵਿਚ ਵੰਨਸੁਵੰਨੇ ਕਮਰੇ ਸਨ। ਇਸ ਕੋਠੀ ਵਿਚਲੇ ਡਰਾਇੰਗ ਰੂਮ, ਬੈੱਡ ਰੂਮ, ਲਾਬੀ ਤੇ ਬਾਲਕੋਨੀ ਨੂੰ ਵੇਖਕੇ ਚੱਕੀਰਾਹੇ ਦਾ ਮਨ ਵੀ ਕੋਠੀ ਬਣਾਉਣ ਲਈ ਲਲਚਾਉਣ ਲੱਗ ਪਿਆ ਸੀ।

ਚੱਕੀਰਾਹੇ ਦਾ ਪਹਿਲਾ ਘਰ ਉਸ ਲਈ ਬੇਹਦ ਆਰਾਮਦਾਇਕ, ਸੁਰੱਖਿਅਤ ਤੇ ਸੁਵਿਧਾਜਨਕ ਸੀ। ਚੱਕੀਰਾਹੇ ਨੇ ਫਿਰ ਵੀ ਕੋਠੀ ਵਿਚ ਰਹਿਣ ਦੇ ਇਰਾਦੇ ਨਾਲ ਦਰੱਖਤ ਦੇ ਤਣੇ ਵਿਚ ਹੋਰ ਸੁਰਾਖ਼ ਮਾਰਨੇ ਸ਼ੁਰੂ ਕਰ ਦਿੱਤੇ। ਚੱਕੀਰਾਹੇ ਨੇ ਦਰੱਖਤ ਦੇ ਤਣੇ ਵਿਚ ਸੁਰਾਖ਼ ਮਾਰ-ਮਾਰ ਕੇ ਸੜਕ ਪਾਰਲੀ ਕੋਠੀ ਦੇ ਨਕਸ਼ੇ 'ਤੇ ਬੈਡਰੂਮ, ਡਰਾਇੰਗ ਰੂਮ ਤੇ ਬਾਲਕਾਨੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ।


ਚੱਕੀਰਾਹਾ, ਦਰੱਖਤ ਦੇ ਤਣੇ ਵਿਚ ਕਈ ਦਿਨ ਸੁਰਾਖ਼ ਮਾਰਦਾ ਰਿਹਾ। ਕਈ ਦਿਨਾਂ ਦੀ ਸਖਤ ਮਿਹਨਤ ਤੋਂ ਬਾਅਦ ਚੱਕੀਰਾਹੇ ਦੀ ਨਵੀਂ ਕੋਠੀ ਤਿਆਰ ਹੋਈ। ਹੁਣ ਚੱਕੀਰਾਹੇ ਦੀ ਖ਼ੁਸ਼ੀ ਦੀ ਕੋਈ ਸੀਮਾ ਨਾ ਰਹੀ। ਚੱਕੀਰਾਹਾ ਦੂਰ ਖੜ੍ਹਾ ਹੋ ਕੇ ਵਾਰ-ਵਾਰ ਆਪਣੀ ਨਵੀਂ ਕੋਠੀ ਨੂੰ ਵੇਖਦਾ। ਉਸਨੂੰ ਦਰੱਖਤ ਦੇ ਤਣੇ ਵਿਚ ਬਣੀ ਆਪਣੀ ਕੋਠੀ ਹੂਬਹੂ ਸੜਕ ਪਾਰਲੀ ਨਵੀਂ ਕੋਠੀ ਵਰਗੀ ਜਾਪਦੀ।

ਚੱਕੀਰਾਹਾ ਭਾਵੇਂ ਆਪਣੀ ਨਵੀਂ ਕੋਠੀ ਵਿਚ ਵਸ ਕੇ ਬੇਹਦ ਖੁਸ਼ ਸੀ, ਪਰ ਉਸਦੀ ਇਹ ਖ਼ੁਸ਼ੀ ਥੋੜਚਿਰੀ ਸੀ। ਥੋੜ੍ਹੇ ਦਿਨਾਂ ਵਿਚ ਹੀ ਚੱਕੀਰਾਹੇ ਦਾ ਕੋਠੀ ਵਿਚ ਵਸਣ ਦਾ ਚਾਹ ਲਹਿ ਗਿਆ। ਚੱਕੀਰਾਹੇ ਨੇ ਆਪਣੇ ਲਈ ਕੋਠੀ ਗਰਮੀ ਵਿਚ ਬਣਾਈ ਸੀ। ਗਰਮੀ ਤੋਂ ਬਾਅਦ ਵਰਖਾ ਰੁੱਤ ਆ ਗਈ। ਹੁਣ ਜਦੋਂ ਵੀ ਮੀਂਹ ਪੈਂਦਾ, ਚੱਕੀਰਾਹੇ ਨੂੰ ਛੁਪਣ ਲਈ ਕੋਈ ਥਾਂ ਨਾ ਲੱਭਦੀ। ਚੱਕੀਰਾਹਾ, ਮੀਂਹ ਅਤੇ ਤੇਜ ਝੱਖੜ ਵਿਚ ਅੰਦਰ ਬੈਠਾ ਵੀ ਭਿੱਜ ਜਾਂਦਾ।

"ਚਾਰ ਦਿਨਾਂ ਦੀ ਗੱਲ ਹੈ। ਵਰਖਾ ਰੁੱਤ ਬੀਤ ਜਾਵੇਗੀ। ਫਿਰ ਕੋਠੀ ਵਿਚ ਵਸਣ ਦਾ ਮਜ਼ਾ ਆਵੇਗਾ।" ਚੱਕੀਰਾਹੇ ਨੇ ਸੋਚਿਆ ਤੇ ਉਹ ਔਖਾ-ਸੌਖਾ ਹੋਕੇ ਦਿਨ ਕੱਟਣ ਲੱਗਾ।

ਵਰਖਾ ਰੁੱਤ ਲੰਘ ਗਈ ਸੀ। ਸਰਦ ਰੁੱਤ ਆ ਗਈ ਸੀ। ਸਰਦ ਰੁੱਤ ਚੱਕੀਰਾਹੇ ਲਈ ਹੋਰ ਵੀ ਜਿਆਦਾ ਮੁਸੀਬਤਾਂ ਲੈਕੇ ਆਈ। ਚਾਰ-ਚੁਫੇਰੇ ਬੂਹੇ ਬਾਰੀਆਂ ਵਾਲੀ ਚੱਕੀਰਾਹੇ ਦੀ ਕੋਠੀ ਵਿਚ ਫਰਨ ਹਵਾ ਆਉਂਦੀ। ਚੱਕੀਰਾਹੇ ਨੂੰ ਠੰਡ ਤੋਂ ਬਚਣ ਲਈ ਕੋਠੀ ਵਿਚ ਕਿਧਰੇ ਵੀ ਥਾਂ ਨਾ ਲੱਭਦੀ। ਸਰਦ ਰੁੱਤ ਵਿਚ ਜਿਸ ਦਿਨ ਮੀਂਹ ਪੈਂਦਾ ਤੇ ਮੀਂਹ ਤੋਂ ਬਾਅਦ ਠੱਕਾ ਵਗਦਾ, ਉਸ ਦਿਨ ਚੱਕੀਰਾਹੇ ਦਾ ਹੋਰ ਵੀ ਬੁਰਾ ਹਾਲ ਹੋ ਜਾਂਦਾ। ਚੱਕੀਰਾਹਾ ਸਾਰਾ-ਸਾਰਾ ਦਿਨ ਠੁਰ-ਠੁਰ ਕਰਦਾ ਰਹਿੰਦਾ। ਚੱਕੀਰਾਹਾ ਸੜਕ

ਪਾਰਲੀ ਕੋਠੀ ਵਾਂਗ ਆਪਣੀ ਕੋਠੀ ਨੂੰ ਵੀ ਬੂਹੇ-ਬਾਰੀਆਂ ਲਾਉਣ ਬਾਰੇ ਸੋਚਦਾ। ਪਰ ਚੱਕੀਰਾਹੇ ਨੂੰ ਲੱਕੜ ਤਰਾਸ਼ਣ ਤੇ ਜੜਨ ਦਾ ਵੱਲ ਨਹੀਂ ਆਉਂਦਾ ਸੀ। ਉਹ ਸਿਰਫ਼ ਲੱਕੜ ਵਿਚ ਸੁਰਾਖ਼ ਮਾਰਨੇ ਜਾਣਦਾ ਸੀ।



ਠੁਰ-ਠੁਰ ਕਰਦੇ ਚੱਕੀਰਾਹੇ ਨੇ ਇਕ ਦਿਨ ਵੇਖਿਆ ਕਿ ਉਸਦੀ ਬਾਲਕੋਨੀ ਵਿਚ ਸਿੱਧੀ ਧੁੱਪ ਪੈਂਦੀ ਸੀ। ਉਹ ਠੰਡ ਤੋਂ ਬੱਚਣ ਲਈ ਬਾਲਕੋਨੀ ਵਿਚ ਆਣ ਬੈਠਾ। ਪਰ ਚੱਕੀਰਾਹਾ, ਬਾਲਕੋਨੀ ਵਿਚ ਬੈਠਾ ਸੜਕ ਤੋਂ ਗੁਜਰਨ ਵਾਲੇ ਹਰੇਕ ਰਾਹਗੀਰ ਦੀ ਨਿਗ੍ਹਾ ਪੈਣ ਲੱਗ ਪਿਆ ਸੀ।

"ਸੜਕ ਤੋਂ ਗੁਜਰਨ ਵਾਲੇ ਇਨ੍ਹਾਂ ਰਾਹਗੀਰਾਂ ਵਿਚ ਕੋਈ ਸ਼ਿਕਾਰੀ ਵੀ ਹੋ ਸਕਦਾ।" ਚੱਕੀਰਾਹੇ ਨੂੰ ਖਿਆਲ ਆਇਆ। ਉਹ ਦੁਬਾਰਾ ਬਾਲਕੋਨੀ ਵਿਚ ਨਾ ਬੈਠਾ।

ਸਰਦ ਰੁੱਤ ਅਜੇ ਬੀਤੀ ਨਹੀਂ ਸੀ। ਸਰਦ ਰੁੱਤ ਵਿਚ ਹੀ ਇਕ ਦਿਨ ਕਿਸਾਨ ਆਪਣੀ ਫ਼ਸਲ ਵੇਖਣ ਆ ਗਿਆ। ਕਿਸਾਨ ਨੇ ਉਸ ਦਰੱਖਤ ਨੂੰ ਵੀ ਵੇਖਿਆ, ਜਿਸ ਦੇ ਤਣੇ ਵਿਚ ਚੱਕੀਰਾਹੇ ਨੇ ਕੋਠੀ ਬਣਾਈ ਸੀ। ਦਰੱਖਤ ਦੇ ਤਣੇ ਵਿਚ ਵੰਨ-ਸੁਵੰਨੇ ਸੁਰਾਖਾਂ ਨੂੰ ਵੇਖਕੇ ਕਿਸਾਨ ਬੇਹਦ ਦੁਖੀ ਹੋਇਆ।

"ਦਰੱਖਤ ਦਾ ਤਣਾ ਕੰਮਜ਼ੋਰ ਹੋ ਗਿਆ ਹੈ। ਹੁਣ ਇਹ ਹਨੇਰੀ-ਝੱਖਣ ਵਿਚ ਡਿਗ ਸਕਦਾ।" ਕਿਸਾਨ ਨੂੰ ਖਿਆਲ ਆਇਆ। ਕਿਸਾਨ ਨੇ ਉਸੇ ਵਕਤ ਦਰੱਖਤ ਨੂੰ ਛਾਂਗਣਾ ਸ਼ੁਰੂ ਕਰ ਦਿੱਤਾ। ਦਰੱਖਤ ਨੂੰ ਛਾਂਗਣ ਨਾਲ ਤਣੇ ਉਪਰੋਂ ਭਾਰ ਘੱਟ ਸਕਦਾ ਸੀ ਤੇ ਦਰੱਖਤ ਟੁੱਟਣੋਂ ਬੱਚ ਸਕਦਾ ਸੀ।

ਕਿਸਾਨ ਦੇ ਦਰੱਖਤ ਨੂੰ ਛਾਂਗਣ ਦੀ ਦੇਰ ਸੀ ਕਿ ਚੱਕੀਰਾਹੇ ਨਾਲ ਉਸ ਦਰੱਖਤ ਉੱਪਰ ਰਹਿਣ ਵਾਲੇ ਹੋਰ ਪੰਛੀ ਵੀ ਘਰੋਂ-ਬੇਘਰ ਹੋ ਗਏ। ਸਾਰੇ ਪੰਛੀਆਂ ਦੇ ਆਲ੍ਹਣੇ ਨਸ਼ਟ ਹੋ ਗਏ। ਹੁਣ ਚੱਕੀਰਾਹਾ ਆਪਣੀ ਕੋਠੀ ਅੰਦਰ ਬੈਠਾ ਵੀ ਰਾਹਗੀਰਾਂ ਤੇ ਸ਼ਿਕਾਰੀਆਂ ਦੀ ਨਿਗ੍ਹਾ ਪੈਣ ਲੱਗ ਪਿਆ ਸੀ।

ਸ਼ਿਕਾਰੀਆਂ ਤੋਂ ਡਰਦਾ-ਮਾਰਾ ਚੱਕੀਰਾਹਾ ਵੀ ਆਪਣੀ ਨਵੀਂ ਨਵੇਲੀ ਕੋਠੀ ਛੱਡ ਕੇ ਕਿਸੇ ਹੋਰ ਥਾਂ ਦੀ ਭਾਲ ਵਿਚ ਤੁਰ ਪਿਆ। ਸਾਰੇ ਪੰਛੀਆਂ, ਚੱਕੀਰਾਹੇ ਨੂੰ ਬੁਰਾ-ਭਲਾ ਕਿਹਾ। ਚੱਕੀਰਾਹੇ ਦੀ ਕੋਠੀ ਕਰਕੇ ਹੀ ਸਾਰੇ ਉੱਜੜੇ ਸਨ।

ਪੰਛੀਆਂ ਨੇ ਭਾਵੇਂ ਚੱਕੀਰਾਹੇ ਨੂੰ ਬੁਰਾ-ਭਲਾ ਕਿਹਾ, ਪਰ ਚੱਕੀਰਾਹੇ ਨੇ ਜਵਾਬ ਵਿਚ ਕੁਝ ਨਾ ਆਖਿਆ। ਚੱਕੀਰਾਹੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਚੱਕੀਰਾਹਾ ਸਮਝ ਗਿਆ ਸੀ ਕਿ ਉਸਨੂੰ ਰੀਸ ਕਰਕੇ ਕੋਠੀ ਨਹੀਂ ਬਣਾਉਣੀ ਚਾਹੀਦੀ ਸੀ। ਉਸਨੂੰ ਆਪਣੇ ਪੁਰਾਣੇ ਸੁਵਿਧਾਜਨਕ ਅਤੇ ਸੁਰੱਖਿਅਤ ਘਰ ਵਿਚ ਹੀ ਰਹਿਣਾ ਚਾਹੀਦਾ ਸੀ।


# ਚੂਹਿਆਂ ਦਾ ਵਟਸਐਪ ਗਰੁੱਪ

ਚੰਨੂ ਚੂਹਾ ਬੇਹਦ ਦੁਖੀ ਸੀ। ਮਾਣੋ ਬਿੱਲੀ ਹਮੇਸ਼ਾ ਚੰਨੂ ਚੂਹੇ ਦੇ ਪਿੱਛੇ ਪਈ ਰਹਿੰਦੀ ਸੀ। ਚੰਨੂ ਮਸ੍ਹਾਂ ਮਾਣੋ ਬਿੱਲੀ ਦੇ ਪੰਜੇ ਤੋਂ ਆਪਣੇ ਆਪ ਨੂੰ ਬਚਾਉਂਦਾ।

ਜਿਸ ਕਲੋਨੀ ਵਿਚ ਚੰਨੂ ਰਹਿੰਦਾ ਸੀ, ਉਸੇ ਕਲੋਨੀ ਵਿਚ ਹੋਰ ਵੀ ਚੂਹੇ ਰਹਿੰਦੇ ਸਨ। ਕਲੋਨੀ ਵਿਚਲੇ ਹੋਰ ਸਾਰੇ ਚੂਹੇ ਨਿਧੜਕ ਹੋਕੇ ਘੁੰਮਦੇ ਰਹਿੰਦੇ ਸਨ। ਬਿੱਲੀ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੀ ਸੀ।

"ਬਿੱਲੀ ਕਲੋਨੀ ਵਿਚਲੇ ਹੋਰ ਚੂਹਿਆਂ ਪਿੱਛੇ ਕਿਉਂ ਨਹੀਂ ਪੈਂਦੀ। ਬਿੱਲੀ ਹਰ ਵੇਲੇ ਮੇਰੇ ਪਿੱਛੇ ਹੀ ਕਿਉਂ ਪਈ ਰਹਿੰਦੀ ਹੈ।" ਇਹ ਸੋਚ ਕੇ ਚੰਨੂ ਪਰੇਸ਼ਾਨ ਹੋ ਜਾਂਦਾ।

ਚੰਨੂ ਨੂੰ ਕਈ ਦਿਨਾਂ ਬਾਅਦ ਪਤਾ ਲੱਗਾ ਕਿ ਬਾਕੀ ਚੂਹਿਆਂ ਨੇ ਆਪਣਾ ਇਕ ਵਟਸਐਪ ਗਰੁੱਪ ਬਣਾਇਆ ਹੋਇਆ ਹੈ। ਕਲੋਨੀ ਵਿਚਲੇ ਸਾਰੇ ਚੂਹੇ, ਬਿੱਲੀ ਦੀ ਤਾਜਾ ਸਥਿਤੀ ਗਰੁੱਪ ਵਿਚ ਪਾਉਂਦੇ ਰਹਿੰਦੇ ਸਨ ਤੇ ਸਾਰਾ ਦਿਨ ਨਿਡਰ ਹੋਕੇ ਘੁੰਮਦੇ ਰਹਿੰਦੇ ਸਨ।



ਕਲੋਨੀ ਵਿਚਲੇ ਬਾਕੀ ਚੂਹਿਆਂ ਦੀ ਸੁੱਖ-ਸੁਵਿਧਾ ਵੇਖਕੇ ਚੰਨੂ ਵੀ ਗਰੁੱਪ ਵਿਚ ਸ਼ਾਮਲ ਹੋਣ ਲਈ ਸੋਚਣ ਲੱਗਾ। ਫਿਰ ਚੰਨੂ ਨੇ ਕਲੋਨੀ ਵਿਚਲੇ ਕਿਸੇ ਹੋਰ ਚੂਹੇ ਰਾਹੀਂ ਗਰੁੱਪ ਦੇ ਐਡਮਿਨ ਤਕ ਪਹੁੰਚ ਕੀਤੀ ਤੇ ਉਹ ਵੀ ਗਰੁੱਪ ਵਿਚ ਸ਼ਾਮਲ ਹੋ ਗਿਆ।

ਹੁਣ ਚੰਨੂ ਵੀ ਸੁਖੀ ਵਸਣ ਲੱਗ ਪਿਆ ਸੀ। ਉਸ ਲਈ ਮਾਣੋ ਬਿੱਲੀ ਦਾ ਖੋਫ਼ ਨਹੀਂ ਰਿਹਾ ਸੀ।

ਚੰਨੂ ਨੂੰ ਗਰੁੱਪ ਵਿੱਚੋਂ ਮਾਣੋ ਬਿੱਲੀ ਦੇ ਨਾਲ ਨਾਲ ਹੋਰ ਖ਼ਤਰਿਆਂ ਤੇ ਸੁਵਿਧਾਵਾਂ ਦੀ ਜਾਣਕਾਰੀ ਵੀ ਮਿਲਣ ਲੱਗ ਪਈ ਸੀ।

'ਕਲੋਨੀ ਵਿਚ ਕਿੱਥੇ ਬਿਜਲੀ ਦੀ ਤਾਰ ਲਮਕਦੀ ਹੈ। ਗਲ਼ੀਆਂ ਵਿਚ ਕਿੱਥੇ-ਕਿੱਥੇ ਤਿਲਕਣ ਹੈ ਤੇ ਕਿਸ ਘਰ ਵਿਚ ਕੀ ਸਬਜ਼ੀ ਤੇ ਸਵੀਟ ਡਿਸ਼ ਬਣੀ ਹੋਈ ਹੈ।'

ਗਰੁੱਪ ਵਿਚਲੀ ਇਸ ਤਰ੍ਹਾਂ ਦੀ ਜਾਣਕਾਰੀ ਨੇ ਚੰਨੂ ਚੂਹੇ ਦਾ ਜਿਓਣਾ ਹੋਰ ਵੀ ਸੁਖਾਲਾ ਤੇ ਆਰਾਮਦਾਇਕ ਕਰ ਦਿੱਤਾ ਸੀ। ਚੰਨੂ ਸੁਖੀ ਤਾਂ ਵਸਣ ਲੱਗ ਪਿਆ ਸੀ ਪਰ ਉਸਦੀ ਸੋਚ ਨਹੀਂ ਬਦਲੀ ਸੀ। ਚੰਨੂ ਬੇਹਦ ਮਾੜੀ ਸੋਚ ਦਾ ਮਾਲਕ ਸੀ। ਉਹ ਆਪ ਜਾਣਬੁਝ ਕੇ ਗਰੁੱਪ ਵਿਚ ਭੁਲੇਖਾ ਪਾਉਣ ਵਾਲੀਆਂ ਪੋਸਟਾਂ ਪਾਉਣ ਲੱਗ ਪਿਆ। ਜਿੱਥੇ ਬਿੱਲੀ ਹੁੰਦੀ, ਚੰਨੂ ਉਸ ਥਾਂ ਨੂੰ ਸੁਰੱਖਿਅਤ ਦੱਸਦਾ ਤੇ ਜਿੱਥੇ ਬਿੱਲੀ ਨਾ ਹੁੰਦੀ, ਉਸ ਥਾਂ ਨੂੰ ਖਤਰੇ ਵਾਲੀ। ਚੰਨੂ ਦੇ ਇਸ ਤਰ੍ਹਾਂ ਕਰਨ ਨਾਲ ਕਲੋਨੀ ਵਿਚਲੇ ਕਈ ਚੂਹੇ ਬਿੱਲੀ ਦੇ ਕਾਬੂ ਆ ਗਏ ਸਨ। ਕਲੋਨੀ ਵਿੱਚੋਂ ਚੂਹੇ ਘਟਣ ਲੱਗ ਪਏ ਸਨ।



"ਜੇਕਰ ਕਲੋਨੀ ਵਿੱਚੋਂ ਹੋਰ ਕੁਝ ਚੂਹਿਆਂ ਨੂੰ ਬਿੱਲੀ ਸਮੇਟ ਲਵੇ ਤੇ ਵਧੀਆ ਹੋ ਜਾਵੇ। ਖਾਣ-ਪੀਣ ਦੀ ਹੋਰ ਮੌਜ ਲੱਗ ਜਾਵੇਗੀ। ਖਾਣ-ਪੀਣ ਵਾਲੀਆਂ ਚੀਜ਼ਾਂ ਮੇਰੇ ਹਿੱਸੇ ਵਧੇਰੇ ਆਇਆ ਕਰਨਗੀਆਂ।" ਚੰਨੂ ਨੇ ਸੋਚਿਆ।

"ਚੰਨੂ ਭਰਾ! ਅਸੀਂ ਚੂਹਿਆਂ ਦੇ ਭਲੇ ਲਈ ਇਹ ਗਰੁੱਪ ਬਣਾਇਆ ਹੈ। ਤੂੰ ਗਲਤ ਸੂਚਨਾ ਦੇਕੇ ਚੂਹਿਆਂ ਨੂੰ ਭੁਲੇਖੇ ਵਿਚ ਨਾ ਪਾਇਆ ਕਰ ਤੇ ਚੂਹਿਆਂ ਨੂੰ ਮਰਵਾ ਕੇ ਪਾਪਾਂ ਦਾ ਭਾਗੀਂ ਨਾ ਬਣ।" ਐਡਮਿਨ ਚੂਹੇ ਨੇ ਚੰਨੂ ਨੂੰ ਸਮਝਾਇਆ। ਪਰ ਚੰਨੂ ਦੇ ਕੰਨਾਂ 'ਤੇ ਜੂੰ ਨਾ ਸਰਕੀ। ਉਹ ਗੁੰਮਰਾਹ ਕਰਕੇ ਕਲੋਨੀ ਦੇ ਸਾਰੇ ਚੂਹਿਆਂ ਨੂੰ ਮੁਕਾਉਣ 'ਤੇ ਤੁਲਿਆ ਹੋਇਆ ਸੀ।

ਚੰਨੂ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਕਈ ਚੂਹਿਆਂ ਨੇ ਗਰੁੱਪ ਨੂੰ ਅਲਵਿਦਾ ਕਹਿ ਦਿੱਤਾ ਸੀ। ਗਰੁੱਪ ਛੱਡਣ ਵਾਲੇ ਚੂਹੇ, ਆਪਣਾ ਵੱਖਰਾ ਗਰੁੱਪ ਬਣਾਉਣ ਬਾਰੇ ਸੋਚਣ ਲੱਗ ਪਏ ਸਨ। ਗਰੁੱਪ ਦੇ ਐਡਮਿਨ ਨੇ ਪ੍ਰਸਥਿਤੀਆਂ ਨੂੰ ਵੇਖਦਿਆਂ ਚੰਨੂ ਨੂੰ ਹੀ ਗਰੁੱਪ 'ਚੋਂ ਕੱਢ ਦਿੱਤਾ।

ਚੰਨੂ ਨੂੰ ਇਹ ਉਮੀਦ ਨਹੀਂ ਸੀ ਕਿ ਉਸਨੂੰ, ਐਡਮਿਨ ਗਰੁੱਪ ਵਿੱਚੋਂ ਕੱਢ ਦੇਵੇਗਾ। ਚੰਨੂ ਲਈ ਫਿਰ ਪਹਿਲਾਂ ਵਾਲੇ ਦਿਨ ਆ ਗਏ ਸਨ। ਕਲੋਨੀ ਵਿਚਲੇ ਚੂਹਿਆਂ ਨੇ ਇਕ-ਦੋ ਗਰੁੱਪ ਹੋਰ ਬਣਾ ਲਏ ਸਨ। ਪਰ ਕੋਈ ਵੀ ਐਡਮਿਨ, ਚੰਨੂ ਨੂੰ ਆਪਣੇ ਗਰੁੱਪ ਵਿਚ ਸ਼ਾਮਲ ਕਰਨ ਲਈ ਤਿਆਰ ਨਹੀਂ ਸੀ। ਚੰਨੂ ਦੀਆਂ ਕਰਤੂਤਾਂ ਦਾ ਸਭ ਨੂੰ ਪਤਾ ਲੱਗ ਗਿਆ ਸੀ। ਚੰਨੂ ਦੀ ਮਾੜੀ ਸੋਚ ਕਾਰਨ ਹੀ ਉਨ੍ਹਾਂ ਨੂੰ ਹੋਰ ਗਰੁੱਪ ਬਣਾਉਣੇ ਪਏ ਸਨ।

ਚੰਨੂ ਫਿਰ ਮੌਤ ਦੇ ਸਾਏ ਹੇਠ ਜੀਣ ਲੱਗ ਪਿਆ ਸੀ। ਚੰਨੂ ਨੂੰ ਦੁਬਾਰਾ ਮਾਣੋ ਬਿੱਲੀ ਕਿਸੇ ਵੇਲੇ ਵੀ ਦਬੋਚ ਸਕਦੀ ਸੀ। ਚੰਨੂ ਨੂੰ ਆਪਣੀ ਮਾੜੀ ਤੇ ਸੰਕੀਰਣ ਸੋਚ ਦਾ ਅਹਿਸਾਸ ਹੋ ਗਿਆ ਸੀ। ਚੰਨੂ ਗਰੁੱਪ ਦੇ ਐਡਮਿਨ ਕੋਲ ਮਾਫ਼ੀ ਮੰਗਣ ਤੁਰ ਪਿਆ।

# ਅਹਿਸਾਨਮੰਦ

ਸੁੰਦਰ ਨੇ ਘੜੀ ਵੇਖੀ। ਘੜੀ ਵੇਖਕੇ ਉਹ ਪੈਂਡਲ ਹੋਰ ਤੇਜੀ ਨਾਲ ਮਾਰਨ ਲੱਗ ਪਿਆ। ਅੱਜ ਸੁੰਦਰ ਦਾ ਇਮਤਿਹਾਨ ਸੀ। 'ਕਿਧਰੇ ਲੇਟ ਨਾ ਹੋ ਜਾਵਾਂ।' ਇਹ ਸੋਚ ਕੇ ਸੁੰਦਰ ਨੇ ਸਾਈਕਲ ਹੋਰ ਤੇਜ ਕਰ ਲਿਆ ਸੀ। ਸਾਈਕਲ ਤੇਜ ਕਰਕੇ ਅਜੇ ਉਹ ਅੱਧਾ ਕੁ ਕਿਲੋਮੀਟਰ ਗਿਆ ਸੀ ਕਿ ਸਾਈਕਲ ਪੈਂਚਰ ਹੋ ਗਿਆ।



ਸੁੰਦਰ ਨੇ ਦਿਨ ਰਾਤ ਇਕ ਕਰਕੇ ਇਮਤਿਹਾਨ ਦੀ ਤਿਆਰੀ ਕੀਤੀ ਸੀ। ਸੁੰਦਰ ਨੂੰ ਪੂਰੀ ਉਮੀਦ ਸੀ ਕਿ ਉਹ ਬਹੁਤ ਚੰਗੇ ਨੰਬਰ ਲੈਕੇ ਪਾਸ ਹੋਵੇਗਾ। ਪਰ ਹੁਣ ਉਸਦੀਆ ਉਮੀਦਾਂ 'ਤੇ ਪਾਣੀ ਫਿਰਦਾ ਜਾਪਣ ਲੱਗ ਪਿਆ ਸੀ।

'ਹੁਣ ਕੀ ਕੀਤਾ ਜਾਵੇ।' ਸੁੰਦਰ ਕੋਲ ਖੜ੍ਹੇ ਹੋਕੇ ਇਹ ਸੋਚਣ ਦਾ ਵਕਤ ਨਹੀਂ ਸੀ। ਸੁੰਦਰ ਕਾਹਲੀ-ਕਾਹਲੀ ਸਾਈਕਲ ਰੇੜਨ ਲੱਗ ਪਿਆ। ਸੁੰਦਰ ਵਾਰ-ਵਾਰ ਭੱਜਣ ਦੀ ਕੋਸ਼ਿਸ਼ ਕਰਦਾ, ਪਰ ਸਾਈਕਲ ਨਾਲ ਉਸ ਕੋਲੋਂ ਭੱਜਿਆ ਨਹੀਂ ਸੀ ਜਾਂਦਾ।

ਸੁੰਦਰ ਅਜੇ ਥੋੜੀ ਦੂਰ ਹੀ ਗਿਆ ਸੀ ਕਿ ਪਿੱਛੋਂ ਸਾਈਕਲ ਲੈਕੇ ਉਸਦਾ ਜਮਾਤੀ ਪ੍ਰਦੀਪ ਆ ਗਿਆ। ਪ੍ਰਦੀਪ ਦੇ ਨਾਲ ਉਸਦਾ ਛੋਟਾ ਭਰਾ ਦੀਪਕ ਵੀ ਸੀ। ਦੀਪਕ ਦਾ ਅੱਜ ਇਮਤਿਹਾਨ ਨਹੀਂ ਸੀ। ਪ੍ਰਦੀਪ ਨੇ ਸੁੰਦਰ ਨੂੰ ਚੜ੍ਹਾ ਲਿਆ। ਉਸਨੇ, ਸੁੰਦਰ ਦਾ ਸਾਈਕਲ ਦੀਪਕ ਨੂੰ ਫੜ੍ਹਾ ਦਿੱਤਾ।

"ਦੀਪਕ! ਤੂੰ ਸੁੰਦਰ ਦਾ ਸਾਈਕਲ ਪੈਂਚਰ ਲਗਵਾ ਕੇ ਸਕੂਲ ਲੈ ਆਵੀਂ।" ਪ੍ਰਦੀਪ ਨੇ ਆਖਿਆ ਸੀ।

ਸਕੂਲ ਅੱਪੜ ਕੇ ਸੁੰਦਰ ਦਾ ਮਸ੍ਹਾਂ ਸਾਹ ਨਾਲ ਸਾਹ ਰਲ਼ਿਆ। ਉਹ ਫਟਾਫਟ ਇਮਤਿਹਾਨ 'ਚ ਬਹਿ ਗਿਆ। ਜਿਸ ਕਮਰੇ ਵਿਚ ਸੁੰਦਰ ਇਮਤਿਹਾਨ ਲਈ ਬੈਠਾ ਸੀ, ਉਥੇ ਹੀ ਦੂਸਰੀ ਲਾਈਨ ਵਿਚ ਪ੍ਰਦੀਪ ਸੀ।



ਪ੍ਰਦੀਪ ਨੇ ਸੁੰਦਰ ਵਾਂਗ ਇਮਤਿਹਾਨ ਦੀ ਤਿਆਰੀ ਨਹੀਂ ਕੀਤੀ ਸੀ। ਪ੍ਰਦੀਪ ਵਾਰ ਵਾਰ ਸੁੰਦਰ ਨੂੰ ਸਵਾਲ ਪੁੱਛਣ ਦੀ ਤੇ ਨਕਲ ਮਾਰਨ ਦੀ ਕੋਸ਼ਿਸ਼ ਕਰਦਾ ਸੀ। ਪ੍ਰਦੀਪ ਨੇ ਸੁੰਦਰ ਨੂੰ ਸਕੂਲ ਤਕ ਪਹੁੰਚਾਉਣ

ਵਿਚ ਮਦਦ ਕੀਤੀ ਸੀ। ਇਸ ਕਰਕੇ ਪ੍ਰਦੀਪ ਨੂੰ ਪੂਰੀ ਉਮੀਦ ਸੀ ਕਿ ਸੁੰਦਰ, ਉਸਦੀ ਮਦਦ ਜ਼ਰੂਰ ਕਰੇਗਾ। ਪਰ ਇਮਤਿਹਾਨ ਦੇ ਇਨ੍ਹਾਂ ਤਿੰਨਾਂ ਘੰਟਿਆਂ ਵਿਚ ਸੁੰਦਰ ਨੇ ਪ੍ਰਦੀਪ ਵੱਲ ਅੱਖ ਚੁੱਕ ਕੇ ਵੀ ਨਾ ਵੇਖਿਆ। ਸੁੰਦਰ ਆਪਣਾ ਪੇਪਰ ਕਰਨ ਵਿਚ ਮਸਤ ਸੀ।

ਸੁੰਦਰ ਦਾ ਇਮਤਿਹਾਨ ਬਹੁਤ ਵਧੀਆ ਹੋ ਗਿਆ ਸੀ। ਸੁੰਦਰ ਇਮਤਿਹਾਨ ਤੋਂ ਬਾਅਦ ਸਭ ਤੋਂ ਪਹਿਲਾਂ ਪ੍ਰਦੀਪ ਨੂੰ ਮਿਲਿਆ। ਉਹ, ਪ੍ਰਦੀਪ ਦਾ 'ਧੰਨਵਾਦ' ਕਰਨਾ ਚਾਹੁੰਦਾ ਸੀ। ਪ੍ਰਦੀਪ ਦੀ ਮਦਦ ਨਾਲ ਹੀ ਸੁੰਦਰ ਇਮਤਿਹਾਨ ਲਈ ਸਮੇਂ ਸਿਰ ਪਹੁੰਚਿਆ ਸੀ ਤੇ ਉਸਦਾ ਇਮਤਿਹਾਨ ਬਹੁਤ ਵਧੀਆ ਹੋ ਗਿਆ ਸੀ।

ਸੁੰਦਰ ਨੇ ਅਜੇ ਕੁਝ ਬੋਲਣਾ ਸੀ। ਪ੍ਰਦੀਪ, ਸੁੰਦਰ ਨੂੰ ਵੇਖਕੇ ਪਹਿਲਾਂ ਹੀ ਬੋਲਣ ਲੱਗ ਪਿਆ।

"ਕੋਈ ਫਾਇਦਾ ਨਹੀਂ ਹੈ, ਤੇਰੇ ਵਰਗੇ ਦੀ ਮਦਦ ਕਰਨ ਦਾ। ਜੇਕਰ ਮੈਂ ਨਾ ਆਪਣੇ ਸਾਈਕਲ 'ਤੇ ਚੜ੍ਹਾਉਂਦਾ ਤੇ ਅੱਜ ਤੇਰੇ ਪੇਪਰ ਦਾ ਅੱਧਾ ਸਮਾਂ ਰਾਹ ਵਿਚ ਹੀ ਲੰਘ ਜਾਣਾ ਸੀ।" ਪ੍ਰਦੀਪ ਨੇ ਆਖਿਆ। ਉਹ ਲਾਲ-ਪੀਲਾ ਹੋਇਆ ਪਿਆ ਸੀ।

"ਪ੍ਰਦੀਪ! ਮੈਂ, ਤੇਰਾ ਅਹਿਸਾਨਮੰਦ ਹਾਂ। ਤੂੰ, ਮੇਰੀ ਮਦਦ ਕੀਤੀ ਹੈ। ਲੋੜ ਵੇਲੇ ਮੈਂ ਵੀ ਤੇਰੀ ਮਦਦ ਜ਼ਰੂਰ ਕਰਾਂਗਾ।" ਸੁੰਦਰ ਨੇ ਸਮਝਾਇਆ।

"ਪ੍ਰਦੀਪ! ਨਕਲ ਕਰਨੀ ਤੇ ਕਰਾਉਣੀ ਪਾਪ ਹੈ। ਨਕਲ ਮਾਰਕੇ ਅੱਜ ਤਾਈਂ ਕਿਸੇ ਨੂੰ ਵੀ ਮੰਜ਼ਿਲ ਨਹੀਂ ਪ੍ਰਾਪਤ ਹੋਈ।" ਸੁੰਦਰ ਨੇ ਫਿਰ ਆਖਿਆ। ਪਰ ਪ੍ਰਦੀਪ ਮੰਨਣ ਲਈ ਤਿਆਰ ਨਹੀਂ ਸੀ।

ਪ੍ਰਦੀਪ ਨੇ ਸੁੰਦਰ ਨਾਲ ਬੋਲਣਾ ਬੰਦ ਕਰ ਦਿੱਤਾ। ਭਾਵੇਂ ਪ੍ਰਦੀਪ ਨਹੀਂ ਬੋਲਦਾ ਸੀ, ਫਿਰ ਵੀ ਸੁੰਦਰ, ਪ੍ਰਦੀਪ ਦੀ ਮਦਦ ਲਈ ਤਿਆਰ-ਬਰ-ਤਿਆਰ ਸੀ।

ਫਿਰ ਇਕ ਦਿਨ ਪ੍ਰਦੀਪ ਦੇ ਡੈਡੀ ਸਕੂਲ ਵਿਚ ਆ ਗਏ। ਪ੍ਰਦੀਪ ਦੇ ਡੈਡੀ ਕੁਝ ਚਿੰਤਤ ਜਾਪ ਰਹੇ ਸਨ। ਉਹ ਜਾਣਦੇ ਸਨ ਕਿ ਪ੍ਰਦੀਪ ਪੜ੍ਹਾਈ ਵਿਚ ਬਹੁਤਾ ਚੰਗਾ ਨਹੀਂ ਹੈ। ਉਹ, ਅਧਿਆਪਕਾਂ ਨਾਲ ਪ੍ਰਦੀਪ ਨੂੰ ਵੱਖਰਾ ਸਮਾਂ ਦੇਕੇ ਪੜ੍ਹਾਉਣ ਦੀ ਗੱਲ ਕਰ ਰਹੇ ਸਨ। ਕੋਲ ਖੜ੍ਹੇ ਸੁੰਦਰ ਨੇ ਇਹ ਗੱਲ ਸੁਣ ਲਈ ਸੀ। ਸੁੰਦਰ ਹੁਣ ਪ੍ਰਦੀਪ ਦੀ ਮਦਦ ਕਰਨ ਦਾ ਮੌਕਾ ਖੁੰਝਾਉਣਾ ਨਹੀਂ ਚਾਹੁੰਦਾ ਸੀ।

"ਪ੍ਰਦੀਪ ਨੂੰ ਮੈਂ ਪੜ੍ਹਾਇਆ ਕਰਾਂਗਾ।" ਸੁੰਦਰ ਨੇ ਆਖਿਆ। ਸੁੰਦਰ ਦੀ ਤਜਵੀਜ਼ ਸੁਣਕੇ ਸਾਰੇ ਅਧਿਆਪਕਾਂ ਦੇ ਨਾਲ ਪ੍ਰਦੀਪ ਦੇ ਡੈਡੀ ਵੀ ਖੁਸ਼ ਹੋ ਗਏ। ਅਧਿਆਪਕਾਂ ਨੇ ਉਸੇ ਵਕਤ ਸੁੰਦਰ ਦੇ ਇਸ ਸੁੰਦਰ ਇਰਾਦੇ ਨੂੰ ਹਰੀ ਝੰਡੀ ਵਿਖਾ ਦਿੱਤੀ।

ਪ੍ਰਦੀਪ, ਸੁੰਦਰ ਨਾਲ ਬੋਲਦਾ ਨਹੀਂ ਸੀ। ਫਿਰ ਵੀ ਸੁੰਦਰ, ਪ੍ਰਦੀਪ ਨੂੰ ਪੜ੍ਹਾਉਣ ਉਸਦੇ ਘਰ ਜਾਣ ਲੱਗ ਪਿਆ। ਸੁੰਦਰ, ਪ੍ਰਦੀਪ ਨੂੰ ਬੜੇ ਹੀ ਸੌਖੇ ਢੰਗ ਨਾਲ ਸਮਝਾਉਂਦਾ ਸੀ। ਪ੍ਰਦੀਪ ਦਿਨ ਪ੍ਰਤੀ ਦਿਨ ਹੁਸ਼ਿਆਰ ਹੁੰਦਾ ਜਾ ਰਿਹਾ ਸੀ। ਕੁਝ ਦਿਨਾਂ ਬਾਅਦ ਉਹ ਆਪੇ ਪੜ੍ਹਨ ਲਈ ਸੁੰਦਰ ਦੇ ਘਰ ਆਉਣ ਲੱਗ ਪਿਆ। ਹੁਣ ਸੁੰਦਰ ਨੂੰ ਸਕੂਲ ਵਿਚ ਵੀ ਜਦੋਂ ਮੌਕਾ ਮਿਲਦਾ, ਉਹ ਪ੍ਰਦੀਪ ਦੀ ਮਦਦ ਕਰਨ ਲੱਗ ਪੈਂਦਾ ਸੀ। ਸੁੰਦਰ, ਹੌਲ਼ੀ-ਹੌਲ਼ੀ ਪ੍ਰਦੀਪ ਨੂੰ ਇਮਤਿਹਾਨ ਲਈ ਤਿਆਰ ਕਰਦਾ ਜਾ ਰਿਹਾ ਸੀ। ਉਸਨੇ ਪ੍ਰਦੀਪ ਕੋਲੋਂ ਇਮਤਿਹਾਨ ਵੇਲੇ ਨਕਲ ਨਾ ਮਾਰਨ ਦਾ ਵਚਨ ਵੀ ਲੈ ਲਿਆ ਸੀ। ਪ੍ਰਦੀਪ ਸਾਰੇ ਗੁੱਸੇ ਗਿਲੇ ਭੁੱਲ ਗਿਆ ਸੀ। ਉਹ ਬੇਹਦ ਖੁਸ਼ ਸੀ।

# ਮੋਲੂ ਮੇਮਣਾ ਤੇ ਸ਼ੇਰ

ਜੰਗਲ ਵਿਚ ਕਈ ਦਿਨਾਂ ਬਾਅਦ ਧੁੱਪ ਨਿਕਲੀ ਸੀ। ਕਈ ਦਿਨਾਂ ਬਾਅਦ ਧੁੱਪ ਨਿਕਲੀ ਵੇਖਕੇ ਮੇਮਣੇ ਘਰੋਂ ਬਾਹਰ ਨਿਕਲ ਆਏ। ਉਹ ਬਾਹਰ ਮੈਦਾਨ ਵਿਚ ਜਾ ਕੇ ਖੇਡਣਾ ਚਾਹੁੰਦੇ ਸਨ।

ਮੇਮਣਿਆਂ ਦੇ ਗੁਆਂਢ ਵਿਚ ਮੋਲੂ ਨਾਂ ਦਾ ਇਕ ਹੋਰ ਮੇਮਣਾ ਰਹਿੰਦਾ ਸੀ। ਮੇਮਣਿਆਂ ਨੇ ਮੋਲੂ ਮੇਮਣੇ ਨੂੰ ਵੀ ਨਾਲ ਮੈਦਾਨ ਵਿਚ ਜਾਕੇ ਖੇਡਣ ਲਈ ਆਖਿਆ।

"ਮੈਂ ਨਹੀਂ ਅੱਜ ਮੈਦਾਨ ਵਿਚ ਖੇਡਣ ਜਾਂਦਾ। ਜੰਗਲ ਦੇ ਜਾਨਵਰ ਕਈ ਦਿਨਾਂ ਦੇ ਭੁੱਖੇ ਹਨ। ਕਿਧਰੇ ਸਾਨੂੰ ਹੀ ਨਾ ਦਬੋਚ ਲੈਣ।।" ਮੋਲੂ ਨੇ ਨਾਂਹ ਕਰ ਦਿੱਤੀ। ਮੋਲੂ ਜਾਣਦਾ ਸੀ ਕਿ ਜੰਗਲ ਦੇ ਸਾਰੇ ਜਾਨਵਰ ਕਈ ਦਿਨਾਂ ਦੇ ਭੁੱਖੇ ਹਨ।

"ਤੂੰ ਯਾਰ! ਐਵੇਂ ਡਰਿਆ ਨਾ ਕਰ। ਬੱਚਿਆਂ ਨੂੰ ਕੋਈ ਕੁਝ ਨਹੀਂ ਕਹਿੰਦਾ।" ਮੇਮਣਿਆਂ ਨੇ ਦੁਬਾਰਾ ਆਖਿਆ। ਮੇਮਣਿਆਂ ਦੇ ਦੁਬਾਰਾ ਕਹਿਣ 'ਤੇ ਮੋਲੂ ਮੇਮਣਾ ਵੀ ਗੇਂਦ ਲੈਕੇ ਤੁਰ ਪਿਆ। ਮੋਲੂ ਡਰਦਾ ਸੀ ਕਿ ਦੂਸਰੇ ਮੇਮਣੇ ਕਿਧਰੇ ਉਸ ਨਾਲ ਕੱਟੀ ਹੀ ਨਾ ਪਾ ਦੇਣ।

ਹੁਣ ਤਿੰਨੇ ਮੇਮਣੇ ਮੈਦਾਨ ਵਿਚ ਆਕੇ 'ਪਿੱਠੂ ਗਰਮ' ਖੇਡਣ ਤਾਂ ਲੱਗ ਪਏ ਸਨ। 'ਬੱਚਿਆਂ ਨੂੰ ਕੋਈ ਕੁਝ ਨਹੀਂ ਕਹਿੰਦਾ।' ਇਹ ਮੇਮਣਿਆਂ ਦਾ ਵਹਿਮ ਹੀ ਸੀ। ਮੇਮਣਿਆਂ ਨੇ ਅਜੇ ਖੇਡਣਾ ਸੁਰੂ ਹੀ ਕੀਤਾ ਸੀ ਕਿ ਉਨ੍ਹਾਂ ਨੂੰ ਸ਼ੇਰ ਆਉਂਦਾ ਦਿਸ ਪਿਆ।

ਸ਼ੇਰ ਨੂੰ ਵੇਖਕੇ ਦੂਸਰੇ ਦੋਵੇਂ ਮੇਮਣੇ ਭੱਜ ਗਏ। ਮੈਦਾਨ ਵਿਚ ਸਿਰਫ ਮੋਲੂ ਰਹਿ ਗਿਆ ਸੀ। ਮੋਲੂ ਦੀ ਗੇਂਦ ਸ਼ੇਰ ਨੇ ਕਾਬੂ ਕਰ ਲਈ ਸੀ ਤੇ ਮੋਲੂ ਆਪਣੀ ਗੇਂਦ ਛੱਡ ਕੇ ਜਾਣਾ ਨਹੀਂ ਚਾਹੁੰਦਾ ਸੀ।

"ਪੁੱਤਰ! ਭੱਜ ਕੇ ਜਾ। ਆਪਣੀ ਮਾਂ ਨੂੰ ਬੁਲਾ ਕੇ ਲਿਆ। ਇਕ ਜ਼ਰੂਰੀ ਗੱਲ ਕਰਨੀ ਹੈ।" ਸ਼ੇਰ ਨੇ ਮੋਲੂ ਨੂੰ ਆਖਿਆ।

ਸ਼ੇਰ ਦੇ ਕਹਿਣ 'ਤੇ ਮੋਲੂ ਆਪਣੀ ਮਾਂ ਨੂੰ ਬੁਲਾਉਣ ਤੁਰ ਪਿਆ। ਮੋਲੂ ਨੇ ਤੁਰਨ ਲੱਗੇ ਨੇ ਸ਼ੇਰ ਕੋਲ ਆਪਣੀ ਗੇਂਦ ਮੰਗੀ।


"ਠੀਕ ਹੈ ਅੰਕਲ! ਤੁਸੀਂ ਮੇਰੀ ਗੇਂਦ ਦੇ ਦੇਵੋ। ਮੈਂ ਹੁਣੇ ਆਪਣੀ ਮਾਂ ਨੂੰ ਬੁਲਾ ਕੇ ਲਿਆਉਂਦਾ ਹਾਂ।" ਮੋਲੂ ਨੇ ਆਖਿਆ। ਪਰ ਸ਼ੇਰ ਨੇ ਉਸਨੂੰ ਗੇਂਦ ਨਾ ਦਿੱਤੀ। ਸ਼ੇਰ ਨੂੰ ਪਤਾ ਸੀ ਕਿ ਜੇਕਰ ਮੋਲੂ ਨੂੰ ਗੇਂਦ ਮਿਲ ਗਈ ਤੇ ਫਿਰ ਉਸਨੇ ਵਾਪਸ ਨਹੀਂ ਮੁੜਨਾ।

"ਸ਼ੇਰ ਅੰਕਲ ਨੇ ਉਸਦੀ ਮਾਂ ਨਾਲ ਕੋਈ ਜ਼ਰੂਰੀ ਗੱਲ ਨਹੀਂ ਕਰਨੀ। ਸ਼ੇਰ ਨੇ ਤੇ ਮੇਰੀ ਮਾਂ ਨੂੰ ਖਾਣਾ ਹੈ।" ਘਰ ਨੂੰ ਤੁਰੇ ਜਾਂਦਿਆਂ ਮੋਲੂ ਨੂੰ ਖਿਆਲ ਆਇਆ।

ਮੋਲੂ ਨੂੰ ਆਪਣੀ ਮਾਂ ਦੀ ਚਿੰਤਾ ਸਤਾਉਣ ਲੱਗੀ। ਉਹ ਮਾਂ ਨੂੰ ਸ਼ੇਰ ਤੋਂ ਬਚਾਉਣ ਦਾ ਕੋਈ ਢੰਗ ਸੋਚਣ ਲੱਗਾ। ਪਰ ਉਸਨੂੰ ਆਪਣੀ ਮਾਂ ਨੂੰ ਬਚਾਉਣ ਦਾ ਕੋਈ ਢੰਗ ਨਹੀਂ ਸੁਝ ਰਿਹਾ ਸੀ।

"ਮਾਂ ਬਾਹਰ ਸ਼ੇਰ ਆਇਆ ਹੈ। ਉਹ ਇਕ ਜ਼ਰੂਰੀ ਗੱਲ ਕਰਨ ਵਾਸਤੇ ਤੈਨੂੰ ਬੁਲਾਉਂਦਾ। ਪਰ ਤੂੰ ਬਾਹਰ ਨਾ ਆਵੀਂ। ਸ਼ੇਰ ਭੁੱਖਾ ਹੈ। ਉਹ ਤੈਨੂੰ ਖਾ ਜਾਵੇਗਾ।" ਮੋਲੂ ਨੇ ਦੱਸਿਆ। ਉਹ ਘਰ ਪਹੁੰਚ ਗਿਆ ਸੀ।

"ਪੁੱਤਰ! ਹੁਣ ਤੂੰ ਵੀ ਬਾਹਰ ਨਾ ਜਾਵੀਂ। ਸ਼ੇਰ ਕਿਧਰੇ ਤੈਨੂੰ ਹੀ ਨਾ ਹੜੱਪ ਜਾਵੇ।" ਮੋਲੂ ਦੀ ਮਾਂ ਨੇ ਆਖਿਆ। ਆਪਣੇ ਤੋਂ ਵੱਧ ਉਸਨੂੰ ਮੋਲੂ ਦੀ ਚਿੰਤਾ ਸੀ।



"ਮਾਂ! ਤੂੰ ਚਿੰਤਾ ਨਾ ਕਰ। ਮੈਂ ਨਹੀਂ ਆਉਂਦਾ, ਸ਼ੇਰ ਅੰਕਲ ਦੇ ਕਾਬੂ। ਸ਼ੇਰ ਅੰਕਲ ਨੇ ਮੇਰੀ ਗੇਂਦ ਕਾਬੂ ਕਰ ਲਈ ਹੈ। ਮੈਂ, ਸ਼ੇਰ ਅੰਕਲ ਤੋਂ ਆਪਣੀ ਗੇਂਦ ਲੈ ਕੇ ਆਉਂਦਾ ਹਾਂ।" ਇਹ ਆਖਦਾ ਹੋਇਆ ਮੋਲੂ ਫਿਰ ਸ਼ੇਰ ਵੱਲ ਨੂੰ ਤੁਰ ਪਿਆ। ਮੋਲੂ ਬੇਹਦ ਸਿਆਣਾ ਸੀ। ਉਸਨੇ ਆਪਣੇ ਆਪ ਨੂੰ ਸ਼ੇਰ ਤੋਂ ਬਚਾਉਣ ਦਾ ਢੰਗ ਸੋਚ ਲਿਆ ਸੀ।

"ਅੰਕਲ! ਤੁਹਾਨੂੰ ਥੋੜ੍ਹੀ ਦੇਰ ਉਡੀਕ ਕਰਨੀ ਪਵੇਗੀ। ਘਰ ਮੇਰਾ ਮਾਮਾ ਆਇਆ ਹੋਇਆ। ਮਾਮੇ ਨੇ ਹੁਣੇ ਚਲੇ ਜਾਣਾ। ਮੇਰੀ ਮਾਂ, ਮਾਮੇ ਦੇ ਜਾਣ ਤੋਂ ਬਾਅਦ ਆਵੇਗੀ।" ਮੋਲੂ ਨੇ ਵਾਪਸ ਆਕੇ ਸ਼ੇਰ ਨੂੰ ਦੱਸਿਆ ਤੇ ਸ਼ੇਰ ਦੇ ਪੰਜੇ ਤੋਂ ਆਪਣੇ ਆਪ ਨੂੰ ਬਚਾਉਣ ਲਈ ਉਹ ਆਪ ਇਕ ਰੁੱਖ 'ਤੇ ਚੜ੍ਹ ਗਿਆ।

"ਅੰਕਲ! ਜਿੰਨੀ ਦੇਰ ਮੇਰੀ ਮਾਂ ਨਹੀਂ ਆਉਂਦੀ। ਚਲੋਂ ਆਪਾਂ ਖੇਡਦੇ ਹਾਂ। ਤੁਸੀਂ ਗੇਂਦ ਮੇਰੇ ਵੱਲ ਸੁੱਟੋ ਮੈਂ ਤੁਹਾਡੇ ਵੱਲ ਸੁੱਟਦਾ ਹਾਂ।" ਰੁੱਖ 'ਤੇ ਚੜ੍ਹਨ ਤੋਂ ਬਾਅਦ ਮੋਲੂ ਨੇ ਆਖਿਆ ਤੇ ਸ਼ੇਰ ਮੋਲੂ ਨਾਲ ਖੇਡਣ ਲੱਗ ਪਿਆ। ਦੋਵੇਂ ਜਣੇ ਇਕ-ਦੂਸਰੇ ਵੱਲ ਗੇਂਦ ਸੁੱਟਣ ਲੱਗ ਪਏ।

"ਅੰਕਲ! ਬਸ ਹੁਣ ਮੇਰੀ ਮਾਂ ਤੁਹਾਡੀ ਗੱਲ ਸੁਣਨ ਆਵੇਗੀ। ਮੇਰਾ ਮਾਮਾ, ਸਾਡੇ ਘਰੋਂ ਤੁਰ ਪਿਆ।" ਸ਼ੇਰ ਨਾਲ ਖੇਡਦਿਆਂ ਮੋਲੂ ਨੇ ਉਦੋਂ ਆਖਿਆ, ਜਦੋਂ ਗੇਂਦ ਉਸ ਦੇ ਹੱਥ ਵਿਚ ਸੀ।

"ਕਿੱਥੇ ਹੈ ਤੇਰਾ ਮਾਮਾ? ਮੈਨੂੰ ਤੇ ਕਿਧਰੇ ਵਿਖਾਈ ਨਹੀਂ ਦਿੰਦਾ।" ਸ਼ੇਰ ਨੇ ਕਾਹਲੀ ਨਾਲ ਪੁੱਛਿਆ। ਉਸਦੇ ਮੂੰਹ ਵਿਚ ਪਾਣੀ ਆ ਗਿਆ ਸੀ। ਚਲਾਕ ਸ਼ੇਰ ਪਹਿਲਾਂ ਮੋਲੂ ਦੇ ਮਾਮੇ ਤੇ ਫਿਰ ਉਸਦੀ ਮਾਂ ਨੂੰ ਖਾਣਾ ਚਾਹੁੰਦਾ ਸੀ।

"ਅੰਕਲ! ਸਾਡੇ ਘਰ ਦੇ ਪਿਛਲੇ ਪਾਸੇ ਵੀ ਰਸਤਾ ਹੈ। ਮੇਰਾ ਮਾਮਾ, ਸਾਡੇ ਘਰ ਦੇ ਪਿਛਲੇ ਪਾਸੇ ਵਾਲੇ ਰਸਤੇ ਥਾਣੀਂ ਜਾਵੇਗਾ।" ਮੋਲੂ ਦੇ ਇਹ ਕਹਿਣ ਦੀ ਦੇਰ ਸੀ ਕਿ ਸ਼ੇਰ ਕਾਹਲੀ ਨਾਲ ਮੋਲੂ ਦੇ ਮਾਮੇ ਨੂੰ ਖਾਣ ਲਈ ਦੂਸਰੇ ਰਸਤੇ ਵੱਲ ਤੁਰ ਪਿਆ। ਪਿੱਛੋਂ ਮੋਲੂ ਰੁੱਖ ਤੋਂ ਉੱਤਰ ਕੇ ਆਪਣੇ ਘਰ ਨੂੰ ਦੌੜ ਗਿਆ। ਗੇਂਦ ਮੋਲੂ ਨੇ ਪਹਿਲਾਂ ਹੀ ਕਾਬੂ ਕਰ ਲਈ ਸੀ।

# ਉੱਲੂ ਦਾ ਗੁਆਂਢ

ਉੱਲੂ ਦਾ ਖੰਡਰ ਬਣੀ ਇਮਾਰਤ ਵਿਚ ਰਹਿਣ ਨੂੰ ਉੱਕਾ ਮਨ ਨਹੀਂ ਕਰਦਾ ਸੀ। ਉੱਲੂ ਵੀ ਹੋਰਨਾਂ ਪੰਛੀਆਂ ਵਾਂਗ ਕਿਸੇ ਰਮਣੀਕ ਥਾਂ 'ਤੇ ਰਹਿਣਾ ਚਾਹੁੰਦਾ ਸੀ। ਉੱਲੂ ਦਾ ਦਿਲ ਕਰਦਾ ਕਿ ਇਸ ਸੁੰਨਸਾਨ ਥਾਂ ਨੂੰ ਛੱਡ ਕੇ ਕਿਸੇ ਰੌਣਕ ਵਾਲੀ ਥਾਂ 'ਤੇ ਜਾ ਵਸੇ। ਪਰ ਉਹ ਪੁਰਾਣੀ ਗੱਲ ਨੂੰ ਯਾਦ ਕਰਕੇ ਚੁੱਪ ਕਰ ਜਾਂਦਾ। ਉਹ ਅਜੇ ਨਿੱਕਾ ਜਿਹਾ ਸੀ। ਉਸਦੇ ਦਾਦੇ ਦਾ ਮਨ ਵੀ ਇਸ ਖੰਡਰ ਇਮਾਰਤ ਵਿਚ ਰਹਿੰਦਿਆਂ ਉਚਾਟ ਹੋ ਗਿਆ ਸੀ। ਉਸਦਾ ਦਾਦਾ ਵੀ ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ਛੱਪੜ ਕੰਢੇ ਖੜੇ ਬੋਹੜ ਉੱਪਰ ਚਲਾ ਗਿਆ ਸੀ। ਉਸ ਬੋਹੜ ਉੱਪਰ ਉਦੋਂ ਕਿੰਨੇ ਹੀ ਹੋਰ ਪੰਛੀ ਰਹਿੰਦੇ ਸਨ। ਉੱਲੂ ਦੇ ਪਰਿਵਾਰ ਦੇ ਬੋਹੜ ਉੱਪਰ ਜਾਣ ਦੀ ਦੇਰ ਸੀ ਕਿ ਬੋਹੜ ਉੱਪਰ ਰਹਿਣ ਵਾਲੇ ਹੋਰ ਸਾਰੇ ਪੰਛੀ ਇਕ ਇਕ ਕਰਕੇ ਕਿਧਰੇ ਹੋਰ ਜਾ ਵਸੇ ਸਨ। ਉਹ ਫਿਰ ਇੱਕਲੇ ਰਹਿ ਗਏ ਸਨ।

ਉੱਲੂ ਕਈ ਦਿਨ ਦੁਚਿਤੀ ਵਿਚ ਪਿਆ ਰਿਹਾ।

"ਮੈਂ ਕਿਧਰੇ ਹੋਰ ਜਾਵਾਂ ਜਾਂ ਨਾ।"

"ਮੈਂ ਜ਼ਰੂਰ ਕਿਸੇ ਰਮਣੀਕ ਥਾਂ ਉੱਪਰ ਜਾਕੇ ਵਸਾਂਗਾ। ਮੈਂ ਉਥੇ ਪਹਿਲਾਂ ਤੋਂ ਵਸਣ ਵਾਲੇ ਪੰਛੀਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗਾ। ਮੈਂ ਇਹ ਗੱਲ ਪੰਛੀਆਂ ਨੂੰ ਜਾਣ ਸਾਰ ਹੀ ਦੱਸ ਦੇਵਾਂਗਾ।" ਕਈ ਦਿਨ ਸੋਚਣ ਤੋਂ ਬਾਅਦ ਉੱਲੂ ਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ। ਫਿਰ ਉਹ ਆਪਣਾ ਸਾਰਾ ਸਮਾਨ ਲੈਕੇ ਪਿੰਡ ਵਿਚਲੇ ਖੜ੍ਹੇ ਬੋਹੜ ਉੱਪਰ ਪਹੁੰਚ ਗਿਆ।

ਬੋਹੜ ਉੱਪਰ ਪਹਿਲਾਂ ਹੀ ਕਈ ਪੰਛੀ ਰਹਿੰਦੇ ਸਨ। ਉੱਲੂ ਨੂੰ ਵੇਖਕੇ ਸਾਰੇ ਪੰਛੀ ਫਿਰ ਕਿਧਰੇ ਹੋਰ ਜਾਣ ਦੀ ਤਿਆਰੀ ਕਰਨ ਲੱਗ ਪਏ।

"ਪੰਛੀ ਭਰਾਵੋ! ਡਰੋ ਨਾ। ਮੈਂ ਕਿਸੇ ਨੂੰ ਕੁਝ ਨਹੀਂ ਕਹਿੰਦਾ।" ਉੱਲੂ ਨੇ ਆਖਿਆ ਪਰ ਪੰਛੀ ਨਾ ਮੰਨੇ। ਪੰਛੀਆਂ ਦਾ ਇਸ ਬੋਹੜ ਤੋਂ ਜਾਣ ਨੂੰ ਦਿਲ ਨਹੀਂ ਕਰ ਰਿਹਾ ਸੀ। ਫਿਰ ਵੀ ਉਨ੍ਹਾਂ ਕਿਸੇ ਹੋਰ ਥਾਂ ਉੱਪਰ ਆਲ੍ਹਣੇ ਬਣਾਉਣੇ ਸੁਰੂ ਕਰ ਦਿੱਤੇ ਸਨ।

"ਬੋਹੜ ਬਾਬਾ! ਜਦੋਂ ਇਹ ਉੱਲੂ ਇਥੋਂ ਕਿਧਰੇ ਹੋਰ ਚਲਾ ਜਾਵੇਗਾ, ਉਦੋਂ ਅਸੀਂ ਜ਼ਰੂਰ ਤੇਰੇ ਕੋਲ ਵਾਪਸ ਆਵਾਂਗੇ।" ਪੰਛੀਆਂ ਨੇ ਬੋਹੜ ਨੂੰ ਆਖਿਆ। ਬੋਹੜ ਜਵਾਬ ਵਿਚ ਕੁਝ ਨਹੀਂ ਬੋਲਿਆ ਸੀ। ਉਂਜ ਉਹ ਉਦਾਸ ਹੋ ਗਿਆ ਸੀ।

" ਪੰਛੀਓ! ਮੈਂ, ਤੁਹਾਡੇ ਕੋਲ ਰਹਿਣਾ ਚਾਹੁੰਦਾ ਹਾਂ। ਤੁਸੀਂ ਹੋਰ ਥਾਂ ਤੁਰੇ ਜਾ ਰਹੇ ਹੋ। ਇੰਝ ਕਰਕੇ ਤੁਸੀਂ ਮੇਰੇ ਮਨ ਨੂੰ ਠੇਸ ਨਾ ਪਹੁੰਚਾਓ।" ਉੱਲੂ ਨੇ ਇਕ ਵਾਰ ਫਿਰ ਸਾਰੇ ਪੰਛੀਆਂ ਨੂੰ ਸਮਝਾਇਆ।

"ਤੇਰੇ ਵਰਗੇ ਮਨਹੂਸ ਕੋਲ ਕੋਈ ਵੀ ਵਸਣਾ ਪਸੰਦ ਨਹੀਂ ਕਰਦਾ।" ਬੋਹੜ ਉੱਪਰ ਰਹਿਣ ਵਾਲੇ ਕਬੂਤਰ ਨੇ ਆਖਿਆ।

"ਕਬੂਤਰ ਭਰਾ! ਮੈਂ ਮਨਹੂਸ ਕਿਵੇਂ ਹਾਂ?" ਉੱਲੂ ਨੇ ਪੁੱਛਿਆ।

"ਲੋਕ ਕਹਿੰਦੇ ਨੇ, ਜਿਸ ਥਾਂ 'ਤੇ ਉੱਲੂ ਬੋਲਣ ਲੱਗ ਜਾਣ, ਉਸ ਥਾਂ 'ਤੇ ਉਜਾੜ ਪੈ ਜਾਂਦੀ ਏ। ਉੱਲੂ ਹਮੇਸ਼ਾ ਉਜਾੜ ਹੀ ਭਾਲਦੇ ਨੇ।" ਕਈ ਪੰਛੀ ਇਕੱਠ ਹੀ ਬੋਲ ਪਏ।

"ਭਰਾਵੋ! ਮੈਂ ਮਨਹੂਸ ਨਹੀਂ ਹਾਂ। ਮੈਨੂੰ ਕੁਦਰਤ ਨੇ ਤੁਹਾਡੇ ਤੋਂ ਕੁਝ ਵਖਰਾ ਬਣਾਇਆ ਹੈ। ਇਸ ਕਰਕੇ ਤੁਸੀਂ ਮੈਨੂੰ ਮਨਹੂਸ ਆਖਦੇ ਹੋ। ਮੈਨੂੰ, ਤੁਹਾਡੇ ਵਾਂਗ ਦਿਨ ਵਿਚ ਨਹੀਂ ਦਿਸਦਾ। ਮੈਨੂੰ ਰਾਤ ਨੂੰ ਦਿਸਦਾ ਹੈ। ਤੁਸੀਂ ਦਿਨ ਵਿਚ ਕੰਮ ਕਰਦੇ ਹੋ ਤੇ ਰਾਤ ਨੂੰ ਸੌਂਦੇ ਹੋ। ਇਸਦੇ ਉਲਟ ਮੈਂ ਦਿਨ ਵਿਚ ਸੌਂਦਾ ਹਾਂ ਤੇ ਰਾਤ ਨੂੰ ਕੰਮ ਕਰਦਾ ਹਾਂ। ਇਸ ਵਖਰੇਵੇਂ ਕਾਰਨ ਮੇਰੇ ਕੋਲ ਕੋਈ ਵਸਣਾ ਪਸੰਦ ਨਹੀਂ ਕਰਦਾ।" ਉੱਲੂ ਨੇ ਦੱਸਿਆ।



"ਮੇਰਾ ਤੁਹਾਡੇ ਨਾਲ ਰਹਿਣ ਨੂੰ ਬੇਹਦ ਜੀਅ ਕਰ ਰਿਹਾ ਹੈ।" ਉੱਲੂ ਨੇ ਇਕ ਵਾਰ ਫਿਰ ਤਰਲਾ ਲਿਆ। ਪਰ ਪੰਛੀਆਂ ਦਾ ਉੱਲੂ ਕੋਲ ਵਸਣ ਲਈ ਮਨ ਨਹੀਂ ਮੰਨ ਰਿਹਾ ਸੀ।

"ਪੰਛੀਓ! ਮੈਂ ਨਹੀਂ ਚਾਹੁੰਦਾ ਕਿ ਤੁਸੀਂ ਮੈਨੂੰ ਛੱਡ ਕੇ ਕਿਧਰੇ ਹੋਰ ਜਾਵੋ। ਤੁਹਾਡੇ ਨਾਲ ਉੱਲੂ ਵੀ ਵਸ ਜਾਵੇਗਾ। ਮੈਨੂੰ ਕੋਈ ਫ਼ਰਕ ਨਹੀਂ ਪੈਂਦਾ।" ਉੱਲੂ ਨੂੰ ਮਿੰਨਤਾਂ-ਤਰਲੇ ਕਰਦੇ ਨੂੰ ਵੇਖਕੇ ਬੋਹੜ ਨੇ ਆਖਿਆ।

ਬੋਹੜ ਦੇ ਕਹਿਣ 'ਤੇ ਪੰਛੀ ਰੁੱਕ ਗਏ।

"ਉੱਲੂ ਭਰਾ! ਅਸੀਂ ਇਥੋਂ ਹੋਰ ਕਿਧਰੇ ਨਹੀਂ ਜਾਂਦੇ। ਪਰ ਸ਼ਰਤ ਇਹ ਹੈ ਕਿ ਤੂੰ ਰਾਤ ਨੂੰ ਰੌਲਾ ਪਾਕੇ ਸਾਡੀ ਨੀਂਦ ਨਹੀਂ ਖਰਾਬ ਕਰਿਆ ਕਰੇਂਗਾ।" ਪੰਛੀਆਂ ਨੇ ਆਖਿਆ।


ਉੱਲੂ ਕਿਸੇ ਵੀ ਕੀਮਤ 'ਤੇ ਇਹ ਰਮਣੀਕ ਥਾਂ ਛੱਡ ਕੇ ਨਹੀਂ ਜਾਣਾ ਚਾਹੁੰਦਾ ਸੀ। ਉਹ, ਪੰਛੀਆਂ ਦੀ ਹਰ ਸ਼ਰਤ ਮੰਨਣ ਲਈ ਤਿਆਰ ਸੀ। ਉੱਲੂ ਨੇ ਉਸੇ ਵੇਲੇ ਰਾਤ ਨੂੰ ਪੰਛੀਆਂ ਨੂੰ ਤੰਗ ਪਰੇਸ਼ਾਨ ਨਾ ਕਰਨ ਦੀ ਹਾਮੀ ਭਰ ਲਈ।

ਹੁਣ ਉੱਲੂ ਵੀ ਬੋਹੜ ਉੱਪਰ ਰਹਿਣ ਲੱਗ ਪਿਆ ਸੀ। ਉੱਲੂ ਸਾਰੀ ਰਾਤ ਜਾਗਦਾ ਰਹਿੰਦਾ ਸੀ। ਉਹ ਆਪਣੇ ਗੁਆਂਢੀ ਪੰਛੀਆਂ ਦੀ ਨੀਂਦ ਬਿਲਕੁਲ ਵੀ ਖਰਾਬ ਨਹੀਂ ਕਰਦਾ ਸੀ। ਉਹ ਸਗੋਂ ਪੰਛੀਆਂ ਲਈ ਪਹਿਰੇਦਾਰ ਦਾ ਕੰਮ ਕਰਨ ਲੱਗ ਪਿਆ ਸੀ। ਪੰਛੀ ਸਾਰੀ ਰਾਤ ਨਿਧੜਕ ਹੋਕੇ ਸੁੱਤੇ ਰਹਿੰਦੇ ਸਨ। ਕਿਸੇ ਸ਼ਿਕਾਰੀ ਜਾਂ ਹੋਰ ਖੂੰਖਾਰ ਪੰਛੀ ਦੇ ਆਉਣ 'ਤੇ ਉੱਲੂ ਰੌਲਾ ਪਾ ਦਿੰਦਾ ਸੀ। ਪਹਿਲਾਂ ਪੰਛੀਆਂ ਨੂੰ ਵਾਰੀ ਸਿਰ ਜਾਗਣਾ ਪੈਂਦਾ ਸੀ। ਪੰਛੀ ਬੇਹਦ ਖੁਸ਼ ਸਨ। ਪੰਛੀ ਸਮਝ ਗਏ ਸਨ ਕਿ ਉੱਲੂ ਮਨਹੂਸ ਨਹੀਂ ਹੈ।

# ਚੁੱਕਣਾ

ਤੋਲੂ ਤੋਤਾ, ਬਿੱਲੂ ਤੋਤੇ ਦਾ ਸਕਾ ਭਰਾ ਸੀ। ਤੋਲੂ ਤੋਤਾ, ਬਿੱਲੂ ਤੋਤੇ ਨਾਲ ਹੀ ਆਲ੍ਹਣੇ ਵਿਚ ਰਹਿੰਦਾ ਸੀ। ਬਿੱਲੂ ਰੋਜ਼ਾਨਾ ਸਵੇਰੇ ਚੋਗਾ ਲੈਣ ਚਲਾ ਜਾਂਦਾ ਸੀ। ਤੋਲੂ ਪਿੱਛੋਂ ਆਲ੍ਹਣੇ ਦੀ ਰਾਖੀ ਕਰ ਲੈਂਦਾ ਸੀ। ਇਸ ਤਰ੍ਹਾਂ ਦੋਵੇਂ ਭਰਾ ਵਧੀਆ ਦਿਨ ਬਤੀਤ ਕਰ ਰਹੇ ਸਨ। ਪਰ ਸਮਾਂ ਛੇਤੀ ਹੀ ਬਦਲ ਗਿਆ।

ਥੋੜੇ ਦਿਨਾਂ ਵਿਚ ਹੀ ਤੋਲੂ ਤੋਤਾ ਅਵਾਰਾਗਰਦੀ ਵਿਚ ਪੈ ਗਿਆ। ਤੋਲੂ ਨੇ ਆਲ੍ਹਣੇ ਦੀ ਰਾਖੀ ਕਰਨੀ ਬੰਦ ਕਰ ਦਿੱਤੀ ਸੀ। ਬਿੱਲੂ ਦੇ ਚੋਗਾ ਲੈਣ ਜਾਣ ਤੋਂ ਬਾਅਦ ਤੋਲੂ ਘੁੰਮਣ-ਫਿਰਨ ਚਲਾ ਜਾਂਦਾ।



ਜਿੱਥੇ ਤੋਲੂ ਤੇ ਬਿੱਲੂ ਰਹਿੰਦੇ ਸਨ, ਉਥੇ ਇਕ ਅਵਾਰਾ ਬਾਂਦਰ ਵੀ ਰਹਿੰਦਾ ਸੀ। ਤੋਲੂ ਇਸ ਅਵਾਰਾ ਬਾਂਦਰ ਦੀ ਉਂਗਲ 'ਤੇ ਚੜ੍ਹ ਗਿਆ ਸੀ। ਬਾਂਦਰ ਹਰ ਵੇਲੇ ਤੋਲੂ ਨੂੰ ਪੁੱਠੀ ਪੱਟੀ ਪੜ੍ਹਾਉਂਦਾ ਰਹਿੰਦਾ ਸੀ।

ਬਿੱਲੂ, ਤੋਲੂ ਨੂੰ ਅਵਾਰਾਗਰਦੀ ਕਰਨ ਤੋਂ ਵਰਜ਼ਦਾ। ਪਰ ਤੋਲੂ, ਬਿੱਲੂ ਦਾ ਕਹਿਣਾ ਮੰਨਣ ਦੀ ਥਾਂ ਅੱਗਿਓ ਲੜਨ ਲੱਗ ਪੈਂਦਾ। ਤੋਲੂ ਫਿਰ ਕਈ ਕਈ ਦਿਨ ਬਿੱਲੂ ਨਾਲ ਨਾ ਬੋਲਦਾ।

ਜਿਸ ਦਰੱਖਤ ਉੱਪਰ ਤੋਲੂ ਤੇ ਬਿੱਲੂ ਰਹਿੰਦੇ ਸਨ, ਉਸੇ ਦਰੱਖਤ ਉੱਪਰ ਇਕ ਕਿੱਟੂ ਨਾਂ ਦਾ ਕਬੂਤਰ ਵੀ ਰਹਿੰਦਾ ਸੀ। ਕਿੱਟੂ ਅਕਸਰ ਤੋਲੂ ਨੂੰ ਬਿੱਲੂ ਨਾਲ ਲੜਦੇ-ਝਗੜਦੇ ਵੇਖਦਾ। ਕਿੱਟੂ ਨੇ ਵੀ ਤੋਲੂ ਨੂੰ ਸਮਝਾਇਆ।

"ਤੋਲੂ ਭਰਾ! ਤੈਨੂੰ ਇਸ ਬਾਂਦਰ ਦੀ ਚੁੱਕਣਾ ਵਿਚ ਆਕੇ ਅਵਾਰਾਗਰਦੀ ਨਹੀਂ ਕਰਨੀ ਚਾਹੀਦੀ। ਬਿੱਲੂ ਤੇਰਾ ਵੱਡਾ ਭਰਾ ਹੈ। ਤੈਨੂੰ ਬਿੱਲੂ ਦਾ ਕਹਿਣਾ ਮੰਨਣਾ ਚਾਹੀਦਾ ਹੈ।" ਕਿੱਟੂ ਨੇ ਆਖਿਆ ਪਰ ਤੋਲੂ ਦੇ ਕੰਨਾਂ 'ਤੇ ਜੂੰ ਨਾ ਸਰਕੀ।

ਬਿੱਲੂ ਕਈ ਦਿਨ ਵੇਖਦਾ ਰਿਹਾ। ਤੋਲੂ ਨਾ ਸੁਧਰਿਆ। ਹਾਰ ਕੇ ਬਿੱਲੂ ਨੇ ਤੋਲੂ ਤੋਂ ਵੱਖ ਹੋਣ ਦਾ ਫੈਸਲਾ ਕਰ ਲਿਆ। ਬਿੱਲੂ ਨੇ ਉਸੇ ਦਰੱਖਤ ਦੇ ਦੂਸਰੇ ਟਾਹਣ ਉੱਪਰ ਆਪਣੀ ਰਿਹਾਇਸ਼ ਵਾਸਤੇ ਵੱਖਰਾ ਆਲ੍ਹਣਾ ਬਣਾ ਲਿਆ। ਉਸਨੇ ਆਪਣਾ ਪਹਿਲਾਂ ਆਲ੍ਹਣਾ ਤੋਲੂ ਲਈ ਛੱਡ ਦਿੱਤਾ ਸੀ।

ਬਿੱਲੂ ਤੇ ਤੋਲੂ ਵੱਖ-ਵੱਖ ਰਹਿਣ ਲੱਗ ਪਏ ਸਨ। ਉਨ੍ਹਾਂ ਦੀ ਕੋਈ ਸਾਂਝ ਨਹੀਂ ਸੀ। ਬਿੱਲੂ ਨੂੰ ਹੁਣ ਸਿਰਫ਼ ਆਪਣਾ ਹੀ ਫਿਕਰ ਸੀ। ਉਸਨੂੰ ਸਿਰਫ਼ ਆਪਣੇ ਵਾਸਤੇ ਚੋਗਾ ਲੈਕੇ ਆਉਣਾ ਪੈਂਦਾ ਸੀ। ਦੂਸਰੇ ਪਾਸੇ ਹੁਣ ਤੋਲੂ ਨੂੰ ਵੀ ਚੋਗਾ ਲੈਣ ਜਾਣਾ ਪੈਂਦਾ ਸੀ। ਉਹ ਦੁਖੀ ਹੋਇਆ ਬਿੱਲੂ ਨੂੰ ਛੇੜਦਾ ਰਹਿੰਦਾ ਸੀ ਤੇ ਲੜਨ ਦਾ ਬਹਾਨਾ ਲੱਭਦਾ ਰਹਿੰਦਾ ਸੀ। ਤੋਲੂ ਐਵੇਂ ਹੀ ਬਿੱਲੂ ਦੇ ਗਲ਼ ਪੈਂਦਾ ਰਹਿੰਦਾ ਸੀ।

ਤੋਲੂ ਆਪਣੇ ਆਲ੍ਹਣੇ ਵਿਚ ਬੈਠਾ ਕਦੀਂ ਬਿੱਲੂ ਦੀਆਂ ਸਾਂਗਾਂ ਲਾਉਣ ਲੱਗ ਜਾਂਦਾ। ਕਦੀਂ ਉਹ ਦਰੱਖਤ ਦੀ ਸਿਖਰਲੀ ਟਹਿਣੀ ਉੱਪਰ ਬਹਿ ਕੇ ਬਿੱਲੂ ਉੱਪਰ ਵਿੱਠ ਕਰ ਦਿੰਦਾ।

ਫਿਰ ਇਕ ਦਿਨ ਚਲਾਕ ਬਾਂਦਰ ਨੇ ਤੋਲੂ ਨੂੰ ਕਿਧਰੋਂ ਇਕ ਚਾਕੂ ਲੱਭ ਕੇ ਲਿਆ ਦਿੱਤਾ। ਉਸਨੇ, ਤੋਲੂ ਨੂੰ ਚਾਕੂ ਖੋਲ੍ਹ ਕੇ ਬਿੱਲੂ ਉੱਪਰ ਸੁੱਟਣ ਲਈ ਆਖਿਆ। ਤੋਲੂ ਨੇ ਇੰਜ ਹੀ ਕੀਤਾ। ਬਿੱਲੂ ਨੇ ਆਪਣੇ-ਆਪ ਨੂੰ ਮਸ੍ਹਾਂ ਚਾਕੂ ਦੀ ਮਾਰ ਤੋਂ ਬਚਾਇਆ। ਉਸਨੇ ਤੋਲੂ ਨੂੰ ਇਹੋ ਜਿਹੀ ਹਰਕਤ ਕਰਨ ਤੋਂ ਵਰਜਿਆ ਤੇ ਅੱਗਿਓ ਉਹ ਲੜਨ ਲੱਗ ਪਿਆ।

ਤੋਲੂ ਜਿਸ ਬਾਂਦਰ ਦੀ ਉਂਗਲ 'ਤੇ ਚੜ੍ਹਿਆ ਸੀ, ਉਹ ਬੇਹਦ ਨਿਕੰਮਾ ਸੀ। ਬਾਂਦਰ ਹਮੇਸ਼ਾ ਦੂਸਰਿਆਂ ਦੀ ਲੜਾਈ ਵਿੱਚੋਂ ਫਾਇਦਾ ਲੈਣ ਦੀ ਤਾਕ ਵਿਚ ਰਹਿੰਦਾ ਸੀ।

"ਤੋਲੂ ਭਰਾ! ਤੂੰ, ਮੇਰੇ ਖਾਣ-ਪੀਣ ਲਈ ਕੁਝ ਲੈ ਆਇਆ ਕਰ। ਮੈਂ ਕੁਝ ਹੀ ਦਿਨਾਂ ਵਿਚ ਬਿੱਲੂ ਨੂੰ ਸਬਕ ਸਿਖਾ ਦੇਵਾਂਗਾ।" ਬਾਂਦਰ ਨੇ ਤੋਲੂ ਨੂੰ ਆਖਿਆ ਤੇ ਤੋਲੂ, ਬਾਂਦਰ ਪਿੱਛੇ ਲੱਗਕੇ ਉਸ ਲਈ ਰੋਟੀ ਤੇ ਹੋਰ ਨਿਕਸੁਕ ਲਿਆਉਣ ਲੱਗ ਪਿਆ।

ਬਾਂਦਰ, ਤੋਲੂ ਤੋਂ ਕਈ ਦਿਨ ਸੇਵਾ ਕਰਵਾਉਂਦਾ ਰਿਹਾ। ਫਿਰ ਇਕ ਦਿਨ ਬਾਂਦਰ ਨੇ ਦਰੱਖਤ ਉੱਪਰ ਚੜ੍ਹ ਕੇ ਬਿੱਲੂ ਦਾ ਆਲ੍ਹਣਾ ਤੋੜ ਕੇ ਹੇਠਾਂ ਸੁੱਟ ਦਿੱਤਾ। ਬਿੱਲੂ ਕੋਲ ਸਿਰ ਲੁਕਾਉਣ ਲਈ ਕੋਈ ਥਾਂ ਨਾ

ਬਚੀ। ਬਿੱਲੂ ਨੇ ਦੁਬਾਰਾ ਇਸ ਦਰੱਖਤ ਉੱਪਰ ਆਲ੍ਹਣਾ ਬਣਾਉਣ ਦੀ ਥਾਂ ਕਿਸੇ ਹੋਰ ਦਰੱਖਤ ਉੱਪਰ ਆਲ੍ਹਣਾ ਬਣਾਉਣ ਦਾ ਫੈਸਲਾ ਕਰ ਲਿਆ। ਉਹ ਦੁਬਾਰਾ ਲੜਾਈ ਵਿਚ ਨਹੀਂ ਪੈਣਾ ਚਾਹੁੰਦਾ ਦੀ।

ਬਿੱਲੂ ਨੂੰ ਇਥੋਂ ਜਾਂਦਿਆਂ ਵੇਖਕੇ ਤੋਲੂ ਬੇਹਦ ਖੁਸ਼ ਹੋਇਆ। ਪਰ ਤੋਲੂ ਦੀ ਇਹ ਖੁਸ਼ੀ ਝੂਠੀ ਸੀ। ਤੋਲੂ ਨੂੰ ਕੁਝ ਹੀ ਦਿਨਾਂ ਵਿਚ ਸਮਝ ਲੱਗ ਗਈ ਸੀ ਕਿ ਉਸਨੇ ਬਿੱਲੂ ਨੂੰ ਉਜਾੜ ਕੇ ਚੰਗਾ ਨਹੀਂ ਕੀਤਾ। ਬਿੱਲੂ ਦੇ ਜਾਣ ਤੋਂ ਬਾਅਦ ਤੋਲੂ ਰਾਤ ਨੂੰ ਇਕੱਲਾ ਡਰਦਾ ਰਹਿੰਦਾ ਸੀ। ਹੁਣ ਤੋਲੂ ਨੂੰ ਨਾ ਚਾਹੁੰਦੇ ਹੋਏ ਵੀ ਬਾਂਦਰ ਦੀ ਚਾਕਰੀ ਕਰਨੀ ਪੈ ਰਹੀ ਸੀ।


"ਤੋਲੂ ਭਰਾ! ਬਿੱਲੂ ਤੇਰਾ ਕਿਸੇ ਵੇਲੇ ਵੀ ਆਕੇ ਆਲ੍ਹਣਾ ਤੋੜ ਸਕਦਾ। ਮੈਂ, ਤੇਰੇ ਆਲ੍ਹਣੇ ਦੀ ਰਾਖੀ ਕਰਿਆ ਕਰਾਂਗਾ। ਤੂੰ, ਮੇਰੇ ਖਾਣਪੀਣ ਲਈ ਕੁਝ ਨਾ ਕੁਝ ਲਿਆਉਂਦਾ ਰਹਿ।" ਬਿੱਲੂ ਦਾ ਆਲ੍ਹਣਾ ਤੋੜਨ ਤੋਂ ਬਾਅਦ ਬਾਂਦਰ ਨੇ ਤੋਲੂ ਨੂੰ ਆਖਿਆ ਸੀ।

ਤੋਲੂ ਸਮਝ ਗਿਆ ਸੀ ਕਿ ਬਾਂਦਰ ਬੇਹਦ ਚਲਾਕ ਹੈ। ਉਸਨੇ ਜਿਸ ਦਿਨ ਬਾਂਦਰ ਦੇ ਖਾਣ-ਪੀਣ ਦਾ ਪ੍ਰਬੰਧ ਨਾ ਕੀਤਾ, ਉਸੇ ਦਿਨ ਬਾਂਦਰ ਨੇ ਉਸਦਾ ਆਸ਼ਿਆਨਾ ਤੋੜ ਦੇਣਾ ਹੈ। ਤੋਲੂ ਬਾਂਦਰ ਤੋਂ ਖਹਿੜਾ ਛੁਡਾਉਣ ਬਾਰੇ ਸੋਚਣ ਲੱਗਾ। ਪਰ ਤੋਲੂ ਨੂੰ ਕੋਈ ਵੀ ਪੰਛੀ ਆਪਣੇ ਕੋਲ ਵਸਾਉਣ ਲਈ ਤਿਆਰ ਨਹੀਂ ਸੀ। ਸਾਰੇ ਪੰਛੀ ਤੋਲੂ ਦੀਆਂ ਆਦਤਾਂ ਤੋਂ ਜਾਣੂੰ ਸਨ। ਤੋਲੂ ਕਿਸੇ ਵੀ ਤੀਸਰੇ ਦੀ ਉਂਗਲ 'ਤੇ ਚੜ੍ਹ ਕੇ ਪੰਛੀਆਂ ਦਾ ਨੁਕਸਾਨ ਕਰ ਸਕਦਾ ਸੀ।

ਤੋਲੂ ਬਿਲਕੁਲ ਡਾਂਵਾਂਡੋਲ ਹੋ ਗਿਆ ਸੀ। ਉਸਨੂੰ ਸਮਝ ਲੱਗ ਗਈ ਸੀ ਕਿ ਬਾਂਦਰ ਦੀ ਚੁੱਕਣਾ ਵਿਚ ਆਕੇ ਆਪਣਾ ਹੀ ਨੁਕਸਾਨ ਕੀਤਾ ਹੈ।


# ਅਵਾਰਾਗਰਦ ਚਿੰਟੂ

ਚਿੰਟੂ ਚੂਹਾ ਇਕ ਪਲ ਵੀ ਘਰ ਨਹੀਂ ਟਿਕਦਾ ਸੀ। ਉਹ ਸਾਰਾ ਦਿਨ ਗਲ਼ੀਆਂ ਵਿਚ ਘੁੰਮਦਾ ਰਹਿੰਦਾ ਸੀ। ਚਿੰਟੂ ਦਿਨੋਂ ਦਿਨ ਹੋਰ ਵਿਗੜਦਾ ਜਾ ਰਿਹਾ ਸੀ। ਚਿੰਟੂ ਆਪਣੇ ਪਿੰਡ ਦੇ ਦੋ-ਚਾਰ ਹੋਰ ਅਵਾਰਾਗਰਦਾਂ ਦੀ ਉਂਗਲ 'ਤੇ ਚੜ੍ਹ ਗਿਆ ਸੀ। ਉਹ ਅਵਾਰਾਗਰਦੀ ਕਰਨ ਪਿੰਡ ਤੋਂ ਬਾਹਰ ਸ਼ਹਿਰ ਵੀ ਜਾਣ ਲੱਗ ਪਿਆ ਸੀ। ਚਿੰਟੂ ਸਾਰਾ ਦਿਨ ਇਧਰ-ਉਧਰ ਘੁੰਮਦਾ ਰਹਿੰਦਾ ਤੇ ਹਨੇਰਾ ਹੋਏ ਘਰ ਵੜਦਾ। ਮਾਂ, ਚਿੰਟੂ ਦਾ ਰਾਹ ਵੇਖਦੀ ਰਹਿ ਜਾਂਦੀ ਸੀ। ਮਾਂ ਨੂੰ ਇਹੀ ਚਿੰਤਾ ਸਤਾਉਂਦੀ ਰਹਿੰਦੀ ਸੀ ਕਿ ਚਿੰਟੂ ਨੇ ਗਲੀਆਂ ਵਿੱਚ ਘੁੰਮਦੇ ਨੇ ਕਿਸੇ ਦਿਨ ਆਪਣੇ ਲਈ ਮੁਸੀਬਤ ਸਹੇੜ ਲੈਣੀ ਹੈ।



'ਚਿੰਟੂ ਪੁੱਤਰ ਤੂੰ ਐਵੇਂ ਗਲੀਆਂ ਵਿਚ ਘੁੰਮਣ ਦੀ ਥਾਂ ਆਪਣੀ ਪੜ੍ਹਾਈ ਵਿੱਚ ਮਨ ਲਾਇਆ ਕਰ।' ਮਾਂ ਨੇ ਚਿੰਟੂ ਨੂੰ ਸਮਝਾਉਂਦੇ ਹੋਏ ਆਖਿਆ। ਪਰ ਚਿੰਟੂ ਦੇ ਕੰਨਾਂ 'ਤੇ ਜੂੰ ਨਾ ਸਰਕੀ।

'ਮਾਂ! ਕੁਝ ਨਹੀਂ ਹੁੰਦਾ। ਤੂੰ ਫਿਕਰ ਨਾ ਕਰਿਆ ਕਰ। ਬਿੱਲੀਆਂ ਘਰਾਂ ਵਿੱਚ ਹੀ ਆਪਾਂ ਨੂੰ ਫੜਦੀਆਂ। ਗਲੀਆਂ ਵਿਚ ਤੇ ਇਹ ਆਪ ਡਰਦੀਆਂ ਮਾਰੀਆਂ ਲੁਕਦੀਆਂ-ਛਿਪਦੀਆਂ ਰਹਿੰਦੀਆ।' ਇਹ ਆਖਦੇ ਹੋਏ ਚਿੰਟੂ ਫਿਰ ਸ਼ਹਿਰ ਨੂੰ ਤੁਰ ਪਿਆ।



ਚਿੰਟੂ ਪਹਿਲਾਂ ਸ਼ਹਿਰ ਦੇ ਬਜ਼ਾਰਾਂ ਵਿਚ ਘੁੰਮਦਾ ਰਿਹਾ, ਫਿਰ ਉਹ ਥੀਏਟਰ ਵਿਚ ਫਿਲਮ ਵੇਖਣ ਚਲਾ ਗਿਆ। ਚਿੰਟੂ ਰਾਤ ਦਸ ਵਜੇ ਤਕ ਫਿਲਮ ਵੇਖਦਾ ਰਿਹਾ। ਚਿੰਟੂ ਫਿਲਮ ਵੇਖਕੇ ਆਪਣੇ ਪਿੰਡ ਨੂੰ ਤੁਰਿਆ।

ਚਿੰਟੂ ਸ਼ਹਿਰੋਂ ਨਿਕਲ ਕੇ ਆਪਣੇ ਪਿੰਡ ਨੂੰ ਜਾਣ ਵਾਲੀ ਸੜਕ ਉੱਪਰ ਚੜ੍ਹ ਗਿਆ ਸੀ। ਇਸ ਵੇਲੇ ਤਕ ਸੜਕ ਉੱਪਰ ਆਵਾਜਾਈ ਘੱਟ ਗਈ ਸੀ। ਕੋਈ ਵਿਰਲੀ-ਟਾਵੀਂ ਗੱਡੀ ਆ-ਜਾ ਰਹੀ ਸੀ। ਚਾਰ-ਚੁਫੇਰੇ ਹਨੇਰਾ ਪਸਰਿਆ ਹੋਇਆ ਸੀ।

ਭਾਵੇਂ ਚਾਰ-ਚੁਫੇਰੇ ਹਨੇਰਾ ਪਸਰਿਆ ਹੋਇਆ ਸੀ, ਫਿਰ ਵੀ ਚਿੰਟੂ ਕੋਈ ਖੌਫ਼ ਨਹੀਂ ਮਹਿਸੂਸ ਕਰ ਰਿਹਾ ਸੀ। ਚਿੰਟੂ ਸੁੰਨਸਾਨ ਸੜਕ ਉੱਪਰ ਨਿਧੜਕ ਹੋ ਕੇ ਤੁਰ ਰਿਹਾ ਸੀ।

ਚਿੰਟੂ ਤੁਰਦਾ-ਤੁਰਦਾ ਆਪਣੇ ਪਿੰਡ ਦੇ ਨਜਦੀਕ ਪਹੁੰਚ ਗਿਆ। ਉਸਨੂੰ ਸਾਰੇ ਰਾਹ ਕੋਈ ਬਿੱਲੀ ਨਹੀਂ ਮਿਲੀ ਸੀ। ਪਰ ਆਪਣੇ ਪਿੰਡ ਦੇ ਨਜ਼ਦੀਕ ਪਹੁੰਚ ਕੇ ਸੜਕ ਕੰਢੇ ਖੜੀ ਇਕ ਝਾੜੀ ਵਿਚ ਸਰਤ-ਸਰੜ ਹੋਣ ਦੀ ਆਵਾਜ਼ ਸੁਣ ਕੇ ਚਿੰਟੂ ਇਕ ਦਮ ਤ੍ਰਬਕ ਗਿਆ। ਚਿੰਟੂ ਨੇ ਹਨੇਰੇ ਵਿਚ ਝਾੜੀ ਵੱਲ ਨਿਗ੍ਹਾ ਮਾਰੀ। ਇਕ ਸੱਪ ਚਿੰਟੂ ਵੱਲ ਭੱਜਾ ਆ ਰਿਹਾ ਸੀ। ਸੱਪ ਨੂੰ ਵੇਖਕੇ ਚਿੰਟੂ ਦੇ ਰੌਂਗਟੇ ਖੜੇ ਹੋ ਗਏ। ਚਿੰਟੂ ਭੱਜ ਪਿਆ।

ਚਿੰਟੂ ਨੇ ਭੱਜਦੇ ਹੋਏ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਫਿਰ ਵੀ ਸੱਪ ਵਲੇਵੇਂ ਖਾਂਦਾ ਹੋਇਆ ਮਿੰਟਾਂ-ਸਕਿੰਟਾਂ ਵਿਚ ਉਸਦੇ ਨੇੜੇ ਪਹੁੰਚ ਗਿਆ। ਸੱਪ, ਚਿੰਟੂ ਨੂੰ ਫੜ੍ਹਨ ਹੀ ਵਾਲਾ ਸੀ ਕਿ ਚਿੰਟੂ ਨੂੰ ਬਚਾਉਣ ਲਈ ਸੜਕ ਦੇ ਦੂਸਰੇ ਪਾਸਿਓ ਝਾੜੀਆਂ ਵਿੱਚੋਂ ਇਕ ਨਿਓਲ  ਨਿਕਲ ਆਇਆ। ਨਿਓਲ ਤੋਂ ਡਰਦਾ-ਮਾਰਾ ਸੱਪ ਵਾਪਸ ਭੱਜ ਗਿਆ।

ਚਿੰਟੂ ਇਕ ਵਾਰ ਸੱਪ ਤੋਂ ਬੱਚ ਗਿਆ ਸੀ। ਪਰ ਨਿਓਲ, ਸੱਪ ਦੀਆਂ ਆਦਤਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸੱਪ ਫਿਰ ਚਿੰਟੂ ਦੇ ਪਿੱਛੇ ਲੱਗ ਸਕਦਾ ਸੀ। ਉਂਜ ਵੀ ਚਿੰਟੂ ਡਰ ਨਾਲ ਕੰਬੀ ਜਾ ਰਿਹਾ ਸੀ। ਇਸ ਕਰਕੇ ਨਿਓਲ, ਚਿੰਟੂ ਨੂੰ ਘਰ ਛੱਡਣ ਤੁਰ ਪਿਆ। ਚਿੰਟੂ ਦੀ ਮਾਂ ਘਰ ਦੇ ਬਾਹਰ ਭਰੀ-ਪੀਤੀ ਡੰਡਾ ਲਈ ਖੜ੍ਹੀ ਸੀ।  ਉਸਨੇ ਇਕ ਵਾਰ ਸਵਾਰ ਕੇ ਚਿੰਟੂ ਦੀ ਪਰੇਡ ਕਰਨੀ ਸੀ। ਪਰ ਕੰਬਦੇ ਚਿੰਟੂ ਨੂੰ ਵੇਖਕੇ ਮਾਂ ਦਾ ਗੁੱਸਾ ਉਡ ਗਿਆ। ਉਸਨੇ ਚਿੰਟੂ ਨੂੰ ਗਲ਼ ਨਾਲ ਲਾ ਲਿਆ ਤੇ ਚਿੰਟੂ ਨੂੰ ਘਰ ਤਕ ਛੱਡਣ ਆਏ ਨਿਓਲ ਦਾ ਧੰਨਵਾਦ ਕੀਤਾ।

ਹੁਣ ਚਿੰਟੂ ਨੇ ਆਪਣੀ ਮਾਂ ਤੋਂ ਮਾਫ਼ੀ ਮੰਗਣ ਲੱਗਾ। ਚਿੰਟੂ ਨੂੰ ਸਮਝ ਲੱਗ ਗਈ ਸੀ ਕਿ ਉਸ ਲਈ ਬਿੱਲੀ ਮਾਸੀ ਦੇ ਪੰਜੇ ਤੋਂ ਇਲਾਵਾ ਹੋਰ ਵੀ ਅਨੇਕਾਂ ਖਤਰੇ ਹਨ। ਚਿੰਟੂ ਨੇ ਅਵਾਰਾਗਰਦੀ ਕਰਨ ਤੋਂ ਤੋਬਾ ਕਰ ਲਈ ਸੀ।

# ਸ਼ਹਿਰ ਗਿਆ ਕਿੱਟੂ ਕੁੱਕੜ

ਕਿੱਟੂ ਕੁੱਕੜ ਆਪਣੇ ਮਾਪਿਆਂ ਨਾਲ ਪਿੰਡ ਵਿਚ ਇਕ ਕਿਸਾਨ ਦੇ ਘਰ ਰਹਿੰਦਾ ਸੀ। ਕਿੱਟੂ ਦੇ ਮਾਪਿਆਂ ਨੇ ਉਸਨੂੰ ਚੋਗਾ ਚੁਗਣ ਦੇ ਨਾਲ ਨਾਲ ਆਪਣੀ ਸੁਰੱਖਿਆ ਦੇ ਵੀ ਕਈ ਗੁਰ ਸਿਖਾ ਦਿੱਤੇ ਸਨ। ਹੁਣ ਉਹ ਕਿੱਟੂ ਨੂੰ ਬਾਂਗ ਦੇਣ ਦਾ ਅਭਿਆਸ ਕਰਵਾਉਣ ਲੱਗ ਪਏ ਸਨ। ਕਿੱਟੂ ਦਾ ਪਿਉ ਰੋਜ਼ਾਨਾ ਸਵੇਰੇ ਬਾਂਗ ਦੇ ਕੇ ਕਿਸਾਨ ਨੂੰ ਉਠਾ ਦਿੰਦਾ ਸੀ। ਉਹ ਰੋਜ਼ਾਨਾ ਸਵੇਰੇ ਚਾਰ ਕੁ ਵਜੇ ਕਿੱਟੂ ਨੂੰ ਵੀ ਉਠਾਉਂਦਾ ਤੇ ਬਾਂਗ ਦੇਣ ਲਈ ਆਖਦਾ। ਪਰ ਕਿੱਟੂ ਤੜਕੇ ਉਠਕੇ ਬਾਂਗ ਦੇਣ ਤੋਂ ਕੰਨੀ ਕਤਰਾਉਂਦਾ ਰਹਿੰਦਾ। ਕਿੱਟੂ ਦਾ ਪਿਉ, ਉਸਨੂੰ ਰੋਜ਼ਾਨਾ ਸਵੇਰੇ ਉਠਾਉਣ ਦੀ ਕੋਸ਼ਿਸ਼ ਕਰਦਾ। ਉਹ, ਕਿੱਟੂ ਨੂੰ ਵਾਰ-ਵਾਰ ਝੰਜੋੜਦਾ। ਕਿੱਟੂ ਫਿਰ ਪਾਸਾ ਵੱਟ ਕੇ ਸੌਂ ਜਾਂਦਾ।

"ਸਾਨੂੰ ਕੁਦਰਤ ਨੇ ਬਾਂਗ ਦੇਣ ਦੀ ਅਨੋਖੀ ਕਲਾ ਬਖਸ਼ੀ ਹੈ। ਸਾਡੀ ਬਾਂਗ ਦੇਣ ਦੀ ਕਲਾ ਕਾਰਨ ਹੀ ਮਨੁੱਖ ਸਾਨੂੰ ਪਿਆਰ ਕਰਦਾ ਹੈ। ਸਾਨੂੰ ਕੁਦਰਤ ਵੱਲੋਂ ਵਰਸੋਈ ਇਸ ਬਾਂਗ ਦੀ ਕਲਾ ਵਿਚ ਹੋਰ ਪ੍ਰਵੀਣ ਹੋਣਾ ਚਾਹੀਦਾ ਹੈ।" ਕਿੱਟੂ ਦਾ ਪਿਉ ਉਸਨੂੰ ਸਮਝਾਉਂਦੇ ਹੋਏ ਆਖਦਾ। ਪਰ ਕਿੱਟੂ ਆਪਣੇ ਪਿਉ ਦੀ ਇਕ ਨਾ ਮੰਨਦਾ।

ਕਿੱਟੂ ਥੋੜਾ ਹੋਰ ਵੱਡਾ ਹੋਇਆ। ਸਵਖਤੇ ਉੱਠਣ ਤੇ ਬਾਂਗ ਦੇਣ ਤੋਂ ਡਰਦੇ ਮਾਰੇ ਕਿੱਟੂ ਨੇ ਸ਼ਹਿਰ ਜਾਕੇ ਵਸਣ ਦਾ ਫੈਸਲਾ ਕਰ ਲਿਆ।


"ਸ਼ਹਿਰ ਵਿਚ ਤੜਕੇ ਉਠਕੇ ਬਾਂਗ ਦੇਣ ਦਾ ਝੰਜਟ ਨਹੀਂ ਹੈ। ਸ਼ਹਿਰ ਵਿਚ ਲੋਕ ਚਿੱਟਾ ਦਿਨ ਚੜ੍ਹੇ ਉਠਦੇ ਹਨ। ਸ਼ਹਿਰੀ ਲੋਕ ਉਂਜ ਵੀ ਉਠਣ ਵੇਲੇ ਦਾ ਅਲਾਰਮ ਲਾਕੇ ਸੌਂਦੇ ਹਨ।" ਕਿੱਟੂ ਨੇ ਸੋਚਿਆ।

"ਕਿੱਟੂ ਪੁੱਤਰ! ਇਥੇ ਪਿੰਡ ਵਿਚ ਮਾਲਕ ਇਕ ਬਾਂਗ ਬਦਲੇ ਸਾਨੂੰ ਚੋਗਾ ਹੀ ਨਹੀਂ ਪਾਉਂਦਾ, ਉਹ ਕੁੱਤੇ-ਬਿੱਲੇ ਤੋਂ ਸਾਡੀ ਰਖਵਾਲੀ ਵੀ ਕਰਦਾ ਹੈ। ਸ਼ਹਿਰ ਵਿਚ ਤੇਰੀ ਰਖਵਾਲੀ ਕਿਸੇ ਨੇ ਨਹੀਂ ਕਰਨੀ। ਗਰਜ਼ ਤੋਂ ਬਿਨਾਂ ਕੋਈ ਕਿਸੇ ਦੀ ਸਾਂਭ-ਸੰਭਾਲ ਨਹੀਂ ਕਰਦਾ।" ਮਾਂ-ਪਿਉ ਨੇ ਕਿੱਟੂ ਨੂੰ ਇਕ ਵਾਰ ਫੇਰ ਸਮਝਾਇਆ। ਪਰ ਕਿੱਟੂ, ਮਾਪਿਆਂ ਦੀ ਗੱਲ ਮੰਨਣ ਦੀ ਥਾਂ ਅਗਿਓ ਬਹਿਸ ਕਰਨ ਲੱਗ ਪਿਆ।

"ਮੈਂ, ਤੁਹਾਡੇ ਵਾਂਗ ਇਥੇ ਕਿਸਾਨ ਦਾ ਗੁਲਾਮ ਬਣਕੇ ਨਹੀਂ ਰਹਿਣਾ ਚਾਹੁੰਦਾ।" ਕਿੱਟੂ ਨੇ ਆਖਿਆ।

"ਪੁੱਤਰ! ਅਸੀਂ ਕਿਸਾਨ ਦੇ ਗੁਲਾਮ ਨਹੀਂ ਪਾਲਤੂ ਹਾਂ।" ਕਿੱਟੂ ਦਾ ਪਿਉ ਆਖ ਰਿਹਾ ਸੀ।

"ਸ਼ਹਿਰ ਵਿਚ ਜਾਕੇ ਕਈ ਤਰ੍ਹਾਂ ਦੀ ਮੌਜ ਲੱਗ ਜਾਣੀ ਆ। ਮੇਰਾ ਪਿੱਛਾ ਕਰਨ ਵਾਲੇ ਬਿੱਲੀਆਂ-ਕੁੱਤਿਆਂ ਨੂੰ ਸ਼ਹਿਰ ਵਿਚ ਬੱਤੀਆਂ ਵੇਖਕੇ ਤੇ ਜ਼ੈਬਰਾ ਕਰਾਸਿੰਗ ਤੋਂ ਹੀ ਸੜਕਾਂ ਪਾਰ ਕਰਨੀਆਂ ਪੈਣੀਆਂ ਤੇ ਮੈਂ ਉਡਾਰੀ ਭਰ ਕੇ ਲੰਘ ਜਾਇਆ ਕਰਨਾ।" ਕਿੱਟੂ ਕੁੱਕੜ ਨੇ ਚੁਟਕੀ ਵਜਾਉਂਦੇ ਹੋਏ ਆਖਿਆ। ਉਹ ਮਾਂ-ਪਿਉ ਤੋਂ ਬਜ਼ਿਦ ਹੋਕੇ ਸ਼ਹਿਰ ਨੂੰ ਤੁਰ ਪਿਆ।



ਹੁਣ ਕਿੱਟੂ ਕੁੱਕੜ ਸ਼ਹਿਰ ਆ ਗਿਆ ਸੀ। ਕਿੱਟੂ, ਸ਼ਹਿਰ ਆਪਣੇ-ਆਪ ਨੂੰ ਸੌਖਾ-ਸੌਖਾ ਮਹਿਸੂਸ ਕਰਨ ਲੱਗਾ। ਇਥੇ ਉਸਨੂੰ ਤੜਕੇ ਉੱਠਣ ਲਈ ਤੇ ਤੜਕੇ ਉਠ ਕੇ ਬਾਂਗ ਦੇਣ ਲਈ ਕਹਿਣ ਵਾਲਾ ਕੋਈ ਨਹੀਂ ਸੀ। ਕਿੱਟੂ ਸਾਰਾ ਦਿਨ ਸੜਕਾਂ 'ਤੇ ਅਵਾਰਾ ਫਿਰਦਾ ਰਹਿੰਦਾ। ਉਹ, ਬਿੱਲੀਆਂ-ਕੁੱਤਿਆਂ ਨੂੰ ਵੇਖਕੇ ਉਡਾਰੀ ਭਰਦਾ ਤੇ ਸੜਕ ਦੇ ਦੂਸਰੇ ਪਾਰ ਪਹੁੰਚ ਜਾਂਦਾ। ਬਿੱਲੀਆਂ-ਕੁੱਤੇ ਇੰਜ ਕਿੱਟੂ ਵਾਂਗ ਸੜਕ ਪਾਰ ਨਹੀਂ ਕਰ ਸਕਦੇ ਸਨ।

ਰਾਤ ਨੂੰ ਕਿੱਟੂ ਇਕ ਕਲੋਨੀ ਵਿਚ ਇਕ ਰੁੱਖ ਉੱਪਰ ਚੜ੍ਹ ਜਾਂਦਾ। ਉਹ ਕਿਸੇ ਦੀ ਨਿਗ੍ਹਾ ਨਹੀਂ ਚੜ੍ਹਦਾ ਸੀ। ਉਂਜ ਵੀ ਇਸ ਕਲੋਨੀ ਦੇ ਚੁਫੇਰੇ ਕੰਧ ਸੀ। ਕਲੋਨੀ ਦੇ ਗੇਟ ਰਾਤ ਨੂੰ ਬੰਦ ਹੋ ਜਾਂਦੇ ਸਨ। ਬਿੱਲੀਆਂ ਕੁੱਤੇ, ਕਲੋਨੀ ਅੰਦਰ ਨਹੀਂ ਵੜ੍ਹ ਸਕਦੇ ਸਨ।

ਸ਼ਹਿਰ ਵਿਚ ਆਕੇ ਕਿੱਟੂ ਬੇਹਦ ਖੁਸ਼ ਸੀ। ਪਰ ਉਸਦੀ ਇਹ ਖੁਸ਼ੀ ਥੋੜ-ਚਿਰੀ ਸੀ। ਕਿੱਟੂ ਨੂੰ ਸ਼ਹਿਰ ਵਿਚ ਆਏ ਨੂੰ ਅਜੇ ਕੁਝ ਦਿਨ ਹੀ ਹੋਏ ਸਨ। ਇਕ ਦਿਨ ਉਹ ਬਜ਼ਾਰ ਵਿਚ ਚਾਉਮਿਨ ਖਾਣ ਲੱਗਾ। ਚਾਉਮਿਨ ਖਾਣ ਲਈ ਕਿੱਟੂ ਜਿਵੇਂ ਹੀ ਅੱਗੇ ਹੋਇਆ, ਦੁਕਾਨ ਦੇ ਬਾਹਰ ਬੈਠੇ ਆਦਮੀ ਨੇ ਕਿੱਟੂ ਨੂੰ ਕਾਬੂ ਕਰ ਲਿਆ। ਉਹ ਆਦਮੀ ਦੁਕਾਨ ਦੇ ਬਾਹਰ ਕਿੱਟੂ ਨੂੰ ਕਾਬੂ ਕਰਨ ਲਈ ਹੀ ਬੈਠਾ ਸੀ। ਉਸਨੇ ਚਾਉਮਿਨ ਦੀ ਪਲੇਟ ਕਿੱਟੂ ਨੂੰ ਛਲਾਵਾ ਦੇਣ ਲਈ ਹੀ ਰੱਖੀ ਸੀ।

"ਇਸ ਨੇ ਮੈਨੂੰ ਬਾਂਗ ਦੇਣ ਵਾਸਤੇ ਕਾਬੂ ਕੀਤਾ ਹੈ। ਮੈਂ ਬਾਂਗ ਨਹੀਂ ਦੇਵਾਂਗਾ। ਦੋ ਚਾਰ ਦਿਨ ਉਡੀਕ ਕੇ ਇਹ ਮੈਨੂੰ ਛੱਡ ਦੇਵੇਗਾ। ਬਿਨਾਂ ਗਰਜ਼ ਦੇ ਕੌਣ ਕਿਸੇ ਦੀ ਸੰਭਾਲ ਕਰਦਾ ਹੈ।" ਕਿੱਟੂ ਨੂੰ ਆਪਣੇ ਪਿਉ ਦੀ ਆਖੀ ਗੱਲ ਯਾਦ ਆ ਗਈ।

ਕਿੱਟੂ ਕੁੱਕੜ ਨੇ ਜੋ ਸੋਚਿਆ ਸੀ, ਹੋਇਆ ਉਸਦੇ ਉਲਟ। ਕਿੱਟੂ ਨੂੰ ਕਾਬੂ ਕਰਨ ਵਾਲਾ ਕੋਈ ਕਿਸਾਨ ਨਹੀਂ ਸੀ। ਉਸਨੇ ਕਿੱਟੂ ਨੂੰ ਬਾਂਗ ਦੇਣ ਲਈ ਨਹੀਂ ਫੜ੍ਹਿਆ ਸੀ।

ਉਸ ਆਦਮੀ ਨੇ ਕਿੱਟੂ ਨੂੰ ਫੜ੍ਹਨ ਤੋਂ ਬਾਅਦ ਇਕ ਤੰਗ ਜਿਹੇ ਖੁੱਡੇ ਵਿਚ ਡੱਕ ਦਿੱਤਾ ਸੀ। ਇਸ ਖੁੱਡੇ ਵਿਚ ਕਿੱਟੂ ਵਰਗੇ ਹੋਰ ਵੀ ਕਈ ਕੁੱਕੜ ਡੱਕੇ ਹੋਏ ਸਨ। ਖੁੱਡੇ ਵਿਚਲੇ ਸਾਰੇ ਕੁੱਕੜ ਪਿੰਡਾਂ ਵਿੱਚੋਂ ਬਾਗੀ ਹੋਕੇ ਸ਼ਹਿਰ ਆਏ ਸਨ ਤੇ ਬਜ਼ਾਰ ਵਿਚ ਅਵਾਰਾ ਫਿਰਦੇ ਕਾਬੂ ਆ ਗਏ ਸਨ।

"ਇਹ ਆਦਮੀ ਆਪਣੀ ਕੁਝ ਦਿਨ ਸੇਵਾ ਕਰੇਗਾ ਤੇ ਫਿਰ ਬਜ਼ਾਰ ਵਿਚ ਕਿਸੇ ਝਟਕਈ ਨਾਲ ਆਪਣਾ ਸੌਦਾ ਕਰੇਗਾ। ਖੁੱਡੇ ਵਿਚਲੇ ਇਕ ਕੁੱਕੜ ਨੇ ਕਿੱਟੂ ਨੂੰ ਦੱਸਿਆ। ਹੁਣ ਕਿੱਟੂ ਦੇ ਰੌਂਗਟੇ ਖੜ੍ਹੇ ਹੋ ਗਏ। ਉਸਨੂੰ ਸਾਹਮਣੇ ਮੌਤ ਵਿਖਾਈ ਦੇਣ ਲੱਗੀ।"

ਕਿੱਟੂ ਨੂੰ ਹੁਣ ਸਮਝ ਲੱਗ ਗਈ ਸੀ ਕਿ ਸ਼ਹਿਰ ਆਕੇ ਉਸਨੇ ਗਲਤੀ ਕੀਤੀ ਹੈ। ਉਹ ਕਿਸੇ ਨਾ ਕਿਸੇ ਤਰ੍ਹਾਂ ਖੁੱਡੇ ਵਿੱਚੋਂ ਨਿਕਲਣ ਬਾਰੇ ਸੋਚਣ ਲੱਗਾ।

ਖੁੱਡਾ ਭਾਵੇਂ ਤੰਗ ਸੀ, ਪਰ ਇਸ ਦੇ ਚਾਰ-ਚੁਫੇਰੇ ਜ਼ਾਲੀ ਲੱਗੀ ਹੋਈ ਸੀ। ਕਿੱਟੂ ਨੇ ਜ਼ਾਲੀ ਥਾਣੀ ਬਾਹਰ ਵੇਖਿਆ। ਇਕ ਕਬੂਤਰ ਦਾਣਾ ਚੁਗ ਰਿਹਾ ਸੀ। ਕਿੱਟੂ ਨੇ ਕਬੂਤਰ ਹੱਥ ਪਿੰਡ ਆਪਣੇ ਪਿਉ ਨੂੰ ਸੁਨੇਹਾ ਭੇਜਿਆ।

ਕਬੂਤਰ ਨੇ ਕਿੱਟੂ ਦੇ ਮਾਂ-ਪਿਉ ਨੂੰ ਕਿੱਟੂ ਦੇ ਸ਼ਹਿਰ ਇਕ ਖੁੱਡੇ ਵਿਚ ਬੰਦ ਹੋਣ ਦੀ ਸੂਚਨਾ ਦੇ ਦਿੱਤੀ ਸੀ। ਕਿੱਟੂ ਦਾ ਪਿਉ ਬੇਹਦ ਸਮਝਦਾਰ ਸੀ। ਕਿੱਟੂ ਦਾ ਪਿਉ ਜਾਣਦਾ ਸੀ ਕਿ ਕਿੱਟੂ ਦੇ ਝਟਕਈ ਕੋਲ ਜਾਣ ਤੋਂ ਬਾਅਦ ਕੁਝ ਵੀ ਹੱਥ ਨਹੀਂ ਆਉਣਾ। ਉਸਨੇ ਉਸੇ ਵਕਤ ਕਿੱਟੂ ਨੂੰ ਖੁੱਡੇ ਵਿੱਚੋਂ ਕੱਢਣ ਦਾ ਢੰਗ ਸੋਚ ਲਿਆ।

ਇਕ ਚੱਕੀਰਾਹਾ, ਕਿੱਟੂ ਦੇ ਪਿਉ ਦਾ ਮਿੱਤਰ ਸੀ। ਕਿੱਟੂ ਦੇ ਪਿਉ ਨੇ ਆਪਣੇ ਮਿੱਤਰ ਚੱਕੀਰਾਹੇ ਨੂੰ ਮਦਦ ਕਰਨ ਲਈ ਤੇ ਕਿੱਟੂ ਨੂੰ ਖੁੱਡੇ ਵਿੱਚੋਂ ਕੱਢਣ ਲਈ ਆਖਿਆ। ਚੱਕੀਰਾਹਾ ਉਸੇ ਵੇਲੇ ਕਿੱਟੂ ਦੇ ਪਿਉ ਨਾਲ ਸ਼ਹਿਰ ਨੂੰ ਤੁਰ ਪਿਆ।


ਸ਼ਹਿਰ ਜਾ ਕੇ ਚੱਕੀਰਾਹੇ ਨੇ ਆਪਣੀ ਲੰਬੀ ਤੇ ਤਿੱਖੀ ਚੁੰਝ ਨਾਲ ਖੁੱਡੇ ਦੀ ਜ਼ਾਲੀ ਦੇ ਕਿੱਲ ਇਕ ਪਾਸਿਓਂ ਕੱਢ ਦਿੱਤੇ ਤੇ ਕਿੱਟੂ ਖੁੱਡੇ 'ਚੋਂ ਬਾਹਰ ਨਿਕਲ ਆਇਆ।

ਹੁਣ ਕਿੱਟੂ ਨੇ ਆਪਣੇ ਪਿਉ ਤੋਂ ਮਾਫ਼ੀ ਮੰਗੀ। ਕਿੱਟੂ ਆਪਣੇ ਪਿਉ ਨਾਲ ਜ਼ਿਦ ਨਾ ਕਰਨ ਦਾ ਵਾਅਦਾ ਕਰਕੇ ਵਾਪਸ ਪਿੰਡ ਨੂੰ ਤੁਰ ਪਿਆ ਸੀ।

# ਸੰਦੀਪ ਨੂੰ ਮਿਲਿਆ ਸਬਕ

ਅੱਜ ਗੇਟ ਉੱਪਰ ਖੜ੍ਹੇ ਹੋਣ ਦੀ ਸੰਦੀਪ ਦੀ ਵਾਰੀ ਸੀ। ਕੁਝ ਦਿਨਾਂ ਤੋਂ ਸਕੂਲ ਦਾ ਗੇਟਕੀਪਰ ਛੁੱਟੀ ਉੱਪਰ ਸੀ। ਇਸ ਕਰਕੇ ਰੋਜ਼ਾਨਾ ਅੱਧੀ ਛੁੱਟੀ ਵੇਲੇ ਇਕ ਬੱਚੇ ਨੂੰ ਗੇਟ ਉੱਪਰ ਖੜ੍ਹਾ ਕੀਤਾ ਜਾਂਦਾ ਸੀ।

ਸੰਦੀਪ ਸਕੂਲ ਦੇ ਗੇਟ ਉੱਪਰ ਖੜ੍ਹਾ ਸੀ। ਅਧਿਆਪਕਾਂ ਨੇ ਸੰਦੀਪ ਨੂੰ ਗੇਟ ਉੱਪਰ ਖੜ੍ਹਾ ਕੀਤਾ ਸੀ ਕਿ ਅੱਧੀ ਛੁੱਟੀ ਵੇਲੇ ਕੋਈ ਬੱਚਾ ਬਾਹਰ ਨਾ ਜਾਵੇ। ਪਰ ਅਮਿਤ ਤੇ ਸੁਰਜੀਤ, ਸੰਦੀਪ ਦੇ ਕੋਲੋਂ ਹੀ ਬਾਹਰ ਨਿਕਲ ਗਏ। ਹੋਰ ਵੀ ਕੁਝ ਬੱਚੇ ਬਾਹਰ ਚਲੇ ਗਏ ਸਨ। ਸੰਦੀਪ ਨੂੰ ਭਾਵੇਂ ਬੱਚਿਆਂ ਨੂੰ ਬਾਹਰ ਜਾਣੋਂ ਰੋਕਣ ਲਈ ਖੜ੍ਹਾ ਕੀਤਾ ਸੀ, ਪਰ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਹੀਂ ਨਿਭਾਉਂਦਾ ਸੀ।



ਅੱਧੀ ਛੁੱਟੀ ਬੰਦ ਹੋ ਗਈ ਸੀ। ਬਾਹਰ ਗਏ ਸਾਰੇ ਬੱਚੇ ਵਾਪਸ ਆ ਗਏ ਸਨ। ਬਾਹਰ ਗਏ ਬੱਚੇ ਖਰੀਦ ਕੇ ਲਿਆਂਦੀ ਚੀਜ਼ ਵਿੱਚੋਂ ਸੰਦੀਪ ਨੂੰ ਹਿੱਸਾ ਦੇਕੇ ਆਪੋ-ਆਪਣੀਆਂ ਜ਼ਮਾਤਾਂ ਵਿਚ ਜਾ ਬੈਠੇ ਸਨ। ਪਰ ਅਮਿਤ ਤੇ ਸੁਰਜੀਤ ਵਾਪਸ ਨਾ ਆਏ।

ਸੰਦੀਪ, ਅਮਿਤ ਤੇ ਸੁਰਜੀਤ ਦੀ ਉਡੀਕ ਕਰਨ ਲੱਗਾ। ਸੰਦੀਪ ਕਿੰਨੀ ਦੇਰ ਹੋਰ ਅਮਿਤ ਤੇ ਸੁਰਜੀਤ ਦੀ ਉਡੀਕ ਕਰਦਾ ਰਿਹਾ। ਉਹ ਦੋਵੇਂ ਜਣੇ ਨਾ ਹੀ ਮੁੜੇ। ਹੁਣ ਸੰਦੀਪ ਚਿੰਤਾ ਵਿਚ ਡੁਬ ਗਿਆ। ਹੁਣ ਉਸਨੂੰ ਆਪਣੇ ਅਧਿਆਪਕਾਂ ਨੂੰ ਜਵਾਬ ਦੇਣਾ ਪੈਣਾ ਸੀ। ਉਸਦੀ ਬੇਈਮਾਨੀ ਫੜੀ ਜਾਣੀ ਸੀ।

"ਜੇ ਅਮਿਤ ਤੇ ਸੁਰਜੀਤ ਕਿਧਰੇ ਹੋਰ ਚਲੇ ਗਏ ਤਾਂ.........।" ਇਹ ਸੋਚ ਕੇ ਸੰਦੀਪ ਡਰ ਗਿਆ।

"ਸਰ! ਅਮਿਤ ਤੇ ਸੁਰਜੀਤ ਅੱਧੀ ਛੁੱਟੀ ਬਾਹਰ ਗਏ ਸਨ। ਉਹ ਅਜੇ ਤਕ ਵਾਪਸ ਨਹੀਂ ਆਏ।" ਸੰਦੀਪ ਨੇ ਡਰਦੇ-ਡਰਦੇ ਆਪਣੇ ਪੰਜਾਬੀ ਵਾਲੇ ਅਧਿਆਪਕ ਗੁਰਮੁਖ ਸਿੰਘ ਨੂੰ ਦੱਸਿਆ। ਸੰਦੀਪ ਜਾਣਦਾ ਸੀ ਕਿ ਗੁਰਮੁਖ ਸਿੰਘ ਕੁਝ ਨਰਮ ਸੁਭਾਅ ਦੇ ਹਨ। ਉਨ੍ਹਾਂ ਕੋਲੋਂ ਘੱਟ ਝਿੜਕਾਂ ਪੈਣਗੀਆਂ।

ਗੁਰਮੁਖ ਸਿੰਘ ਨਰਮ ਸੁਭਾਅ ਦੇ ਹੀ ਨਹੀਂ, ਬੇਹਦ ਸਿਆਣੇ ਵੀ ਸਨ। ਗੁਰਮੁਖ ਸਿੰਘ ਨੇ ਸੰਦੀਪ ਨੂੰ ਕੁਝ ਕਹਿਣ ਦੀ ਥਾਂ ਪਹਿਲਾਂ ਅਮਿਤ ਤੇ ਸੁਰਜੀਤ ਨੂੰ ਲੱਭਣ ਬਾਰੇ ਸੋਚਿਆ। ਉਸਨੇ ਸੰਦੀਪ ਨੂੰ ਵੀ ਨਾਲ ਲੈ ਲਿਆ।

ਸਕੂਲ ਤੋਂ ਥੋੜੀ ਦੂਰ ਸਕੂਲ ਦਾ ਹੀ ਖੇਡ ਮੈਦਾਨ ਸੀ। ਉਹ ਸਭ ਤੋਂ ਪਹਿਲਾਂ ਅਮਿਤ ਤੇ ਸੁਰਜੀਤ ਨੂੰ ਲੱਭਣ ਲਈ ਖੇਡ ਮੈਦਾਨ ਵੱਲ ਚਲੇ ਗਏ। ਅਮਿਤ ਤੇ ਸੁਰਜੀਤ ਖੇਡ ਮੈਦਾਨ ਵਿਚ ਹੀ ਇਕ ਨੁੱਕਰੇ ਬੈਠੇ ਸਨ।

"ਸਰ! ਅਮਿਤ ਤੇ ਸੁਰਜੀਤ ਓਹ ਬੈਠੇ ਹਨ।" ਸੰਦੀਪ ਨੇ ਗੁਰਮੁਖ ਸਿੰਘ ਨੂੰ ਦੱਸਿਆ। ਅਮਿਤ ਤੇ ਸੁਰਜੀਤ ਨੂੰ ਵੇਖਕੇ ਸੰਦੀਪ ਕੁਝ ਹੌਸਲੇ ਵਿਚ ਹੋ ਗਿਆ ਸੀ।

"ਹੁਣ ਮੇਰੀ ਥਾਂ ਅਮਿਤ ਤੇ ਸੁਰਜੀਤ ਨੂੰ ਝਿੜਕਾਂ ਪੈਣਗੀਆਂ।" ਸੰਦੀਪ ਨੇ ਸੋਚਿਆ ਸੀ। ਪਰ ਝਿੜਕਾਂ ਸੰਦੀਪ ਨੂੰ ਹੀ ਪਈਆਂ। ਅਮਿਤ ਅਤੇ ਸੁਰਜੀਤ ਨੂੰ ਤਾਂ ਸ਼ਾਬਾਸ਼ੀ ਮਿਲੀ।

"ਸਰ! ਜਿਸ ਦਿਨ ਵੀ ਸੰਦੀਪ ਦੀ ਗੇਟ ਉੱਪਰ ਖੜ੍ਹੇ ਹੋਣ ਦੀ ਵਾਰੀ ਆਉਂਦੀ ਸੀ, ਇਹ ਬੱਚਿਆਂ ਨੂੰ ਬਾਹਰ ਜਾਣੋਂ ਰੋਕਦਾ ਨਹੀਂ ਸੀ। ਬੱਚੇ ਸਕੂਲ ਦੇ ਬਾਹਰ ਵਾਲੀ ਦੁਕਾਨ ਤੋਂ ਚੀਜ਼ ਲੈਣ ਜਾਂਦੇ ਸਨ। ਬੱਚੇ ਬਾਹਰੋਂ ਟੌਫੀਆਂ ਤੇ ਬਬਲਗਮ ਵਰਗੀਆਂ ਉਹ ਚੀਜਾਂ ਲੈ ਕੇ ਆਉਂਦੇ ਸਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਅਧਿਆਪਕ ਰੋਕਦੇ ਸਨ। ਬੱਚੇ ਵਾਪਸ ਆਉਂਦੇ ਹੋਏ ਕੁਝ ਚੀਜ਼ ਸੰਦੀਪ ਨੂੰ ਦੇ ਦਿੰਦੇ ਸਨ ਤੇ ਜੀਭ ਦੇ ਸੁਆਦ ਕਾਰਨ ਸੰਦੀਪ, ਬੱਚਿਆਂ ਨੂੰ ਬਾਹਰ ਜਾਣੋਂ ਰੋਕਦਾ ਨਹੀਂ ਸੀ। ਸੰਦੀਪ ਹੋਰਨਾਂ ਬੱਚਿਆਂ ਦੇ ਨਾਲ-ਨਾਲ ਆਪਣੀ ਸਿਹਤ ਨਾਲ ਵੀ ਖਿਲਵਾੜ ਕਰ ਰਿਹਾ ਸੀ। ਅਸੀਂ ਸੰਦੀਪ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨ ਲਈ ਕਈ ਵਾਰ ਕਿਹਾ ਵੀ ਸੀ, ਪਰ ਇਸ ਨੇ ਸਾਡੀ ਗੱਲ ਮੰਨੀ ਨਹੀਂ ਸੀ। ਅਸੀਂ ਸੰਦੀਪ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਅੱਜ ਬਾਹਰ ਗਏ ਸਾਂ। ਅਸੀਂ ਜਾਣਬੁਝ ਕੇ ਵਾਪਸ ਨਹੀਂ ਮੁੜੇ ਸਾਂ।" ਸੁਰਜੀਤ ਦੱਸ ਰਿਹਾ ਸੀ।

"ਅਸੀਂ ਖੇਡ ਮੈਦਾਨ ਵਿਚ ਜਾਕੇ ਵੀ ਆਪਣਾ ਸਮਾਂ ਗਵਾਇਆ ਨਹੀਂ ਹੈ। ਅਸੀਂ ਆਪਣੀ ਆਪਣੀ ਕਿਤਾਬ ਨਾਲ ਲੈ ਕੇ ਗਏ ਸਾਂ। ਅਸੀਂ ਹਿੰਦੀ ਵਾਲੇ ਅਧਿਆਪਕ ਨੂੰ ਦੱਸ ਕੇ ਵੀ ਗਏ ਸਾਂ।" ਅਮਿਤ ਨੇ ਕਿਤਾਬ ਵਿਖਾਉਂਦੇ ਹੋਏ ਦੱਸਿਆ।

ਸੁਰਜੀਤ ਤੇ ਅਮਿਤ ਦੀਆਂ ਗੱਲਾਂ ਸੁਣ ਕੇ ਸੰਦੀਪ ਸ਼ਰਮਿੰਦਾ ਜਿਹਾ ਹੋ ਗਿਆ। ਅਧਿਆਪਕ ਗੁਰਮੁਖ ਸਿੰਘ ਨੇ ਅਜੇ ਕੁਝ ਬੋਲਣਾ ਸੀ। ਸੰਦੀਪ ਪਹਿਲਾਂ ਹੀ ਮਾਫ਼ੀ ਮੰਗਣ ਲੱਗ ਪਿਆ। ਸੰਦੀਪ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਸੰਦੀਪ ਨੇ ਵੀ ਅੱਗੇ ਤੋਂ ਹਰ ਕੰਮ ਇਮਾਨਦਾਰੀ ਨਾਲ ਕਰਨ ਦਾ ਵਾਅਦਾ ਕੀਤਾ। ਪਰ ਅਧਿਆਪਕ ਗੁਰਮੁਖ ਸਿੰਘ ਨੇ ਸੰਦੀਪ ਦੀ ਅਜੇ ਹੋਰ ਪ੍ਰੀਖਿਆ ਲੈਣੀ ਸੀ।

ਗੁਰਮੁਖ ਸਿੰਘ ਨੇ ਇਕ ਦਿਨ ਦੁਬਾਰਾ ਗੇਟ ਉੱਪਰ ਖੜ੍ਹੇ ਹੋਣ ਦੀ ਸੰਦੀਪ ਦੀ ਡਿਊਟੀ ਲਗਾ ਦਿੱਤੀ ਸੀ। ਫਿਰ ਉਸਨੇ ਇਕ ਬੱਚੇ ਨੂੰ ਉਂਜ ਹੀ ਬਾਹਰ ਜਾਣ ਲਈ ਆਖ ਦਿੱਤਾ ਸੀ।

ਐਤਕੀ ਸੰਦੀਪ ਨੇ ਬੱਚੇ ਨੂੰ ਬਾਹਰ ਨਹੀਂ ਜਾਣ ਦਿੱਤਾ ਸੀ।

"ਮੈਂ ਪੰਜਾਬੀ ਵਾਲੇ ਅਧਿਆਪਕ ਤੋਂ ਪੁੱਛ ਕੇ ਆਇਆ ਹਾਂ।" ਬੱਚੇ ਦੇ ਇਹ ਕਹਿਣ 'ਤੇ ਵੀ ਸੰਦੀਪ ਨੇ ਉਸਨੂੰ ਗੇਟ ਨਹੀਂ ਲੰਘਣ ਦਿੱਤਾ ਸੀ।

"ਸਰ! ਸੰਦੀਪ ਗੇਟ ਤੋਂ ਲੰਘਣ ਨਹੀਂ ਦਿੰਦਾ। ਉਹ ਗੇਟ ਪਾਸ ਮੰਗਦਾ ਹੈ।" ਬੱਚੇ ਨੇ ਵਾਪਸ ਆ ਕੇ ਗੁਰਮੁਖ ਸਿੰਘ ਨੂੰ ਦੱਸਿਆ ਸੀ। ਹੁਣ ਗੁਰਮੁਖ ਸਿੰਘ ਨੂੰ ਤਸੱਲੀ ਹੋ ਗਈ ਸੀ ਕਿ ਸੰਦੀਪ ਆਪਣੇ ਵਾਅਦੇ 'ਤੇ ਖਰਾ ਉਤਰੇਗਾ।

# ਸਾਂਤਾ ਕਲਾਜ਼ ਦਾ ਗਿਫ਼ਟ

ਮਾਂ, ਰੋਹਨ ਨੂੰ ਰੋਜ਼ਾਨਾ ਕਿੰਨੀ-ਕਿੰਨੀ ਦੇਰ ਹਲੂਣਦੀ ਰਹਿੰਦੀ ਸੀ, ਫਿਰ ਕਿਧਰੇ ਜਾਕੇ ਰੋਹਨ ਸੁੱਤਾ ਉੱਠਦਾ ਸੀ। ਪਰ ਅੱਜ ਰੋਹਨ ਆਪੇ ਉਠ ਬੈਠਾ ਸੀ। ਅੱਜ ਰੋਹਨ ਫਟਾਫਟ ਤਿਆਰ ਹੋਇਆ ਤੇ ਉਹ ਸਕੂਲ ਨੂੰ ਤੁਰ ਪਿਆ।

ਅੱਜ ਉਸਨੇ ਸਕੂਲ ਵਾਲੀ ਵਰਦੀ ਨਹੀਂ ਪਾਈ ਸੀ। ਅੱਜ ਰੋਹਨ ਨੇ ਲਾਲ ਤੇ ਚਿੱਟੇ ਰੰਗ ਦੀ ਨਵੀਂ ਪੈਂਟ-ਸ਼ਰਟ ਟਰੰਕ ਵਿੱਚੋਂ ਕੱਢ ਕੇ ਪਾ ਲਈ ਸੀ। ਇਹ ਪੈਂਟ-ਸ਼ਰਟ ਇਸ ਤੋਂ ਪਹਿਲਾਂ ਉਸਨੇ ਆਪਣੇ ਮਾਮੇ ਦੇ ਵਿਆਹ ਵਿਚ ਪਾਈ ਸੀ।

"ਬੇਟਾ ਅੱਜ ਤੁਹਾਡੇ ਸਕੂਲ ਕੋਈ ਪ੍ਰੋਗਰਾਮ ਹੈ।" ਮਾਂ ਨੇ ਰੋਹਨ ਨੂੰ ਤੁਰਨ ਲੱਗੇ ਨੂੰ ਪੁੱਛਿਆ।

"ਅੱਜ ਕ੍ਰਿਸਮਿਸ ਹੈ।" ਰੋਹਨ ਨੇ ਦੱਸਿਆ ਤੇ ਮਾਂ ਨੇ ਹੋਰ ਕੁਝ ਪੁੱਛਣ ਦੀ ਜਰੂਰਤ ਨਾ ਸਮਝੀ। ਮਾਂ ਖੁਸ਼ ਸੀ। ਰੋਹਨ ਨੇ ਅੱਜ ਸਕੂਲ ਨਾ ਜਾਣ ਦਾ ਕੋਈ ਬਹਾਨਾ ਨਹੀਂ ਘੜਿਆ ਸੀ।

ਰੋਹਨ ਨੂੰ ਅੱਜ ਸਕੂਲ ਚੰਗਾ-ਚੰਗਾ ਲੱਗ ਰਿਹਾ ਸੀ। ਰੋਹਨ ਵਾਂਗ ਅੱਜ ਸਕੂਲ ਵੀ ਸਜਿਆ ਹੋਇਆ ਸੀ। ਸਕੂਲ ਵਿਚ ਬੱਚਿਆਂ ਦੇ ਬਹਿਣ ਲਈ ਡੈਸਕਾਂ ਦੀ ਥਾਂ ਕੁਰਸੀਆਂ ਲੱਗੀਆਂ ਹੋਈਆਂ ਸਨ ਤੇ ਕੁਰਸੀਆਂ ਦੀਆਂ ਕਤਾਰਾਂ ਦੇ ਸਾਹਮਣੇ ਸਟੇਜ ਵੰਨ-ਸੁਵੰਨੇ ਗਿਫਟ-ਪੈਕਟਾਂ ਨਾਲ ਭਰਿਆ ਪਿਆ ਸੀ।

ਰੋਹਨ ਨੇ ਸਕੂਲ ਪਹੁੰਚ ਕੇ ਪਹਿਲੀ ਕਤਾਰ ਦੀ ਇਕ ਕੁਰਸੀ ਮੱਲ ਲਈ।

ਥੋੜ੍ਹੀ ਦੇਰ ਵਿਚ ਖਾਲੀ ਪਈਆਂ ਸਾਰੀਆਂ ਕੁਰਸੀਆਂ ਭਰ ਗਈਆਂ ਸਨ। ਸਕੂਲ ਦਾ ਸਾਰਾ ਸਟਾਫ ਵੀ ਸਟੇਜ ਉੱਪਰ ਸਜ ਗਿਆ ਸੀ। ਫਿਰ ਇਕ ਲੰਮੀ ਜਿਹੀ ਲਾਲ ਰੰਗ ਦੀ ਟੋਪੀ ਤੇ ਲਾਲ ਰੰਗ ਦੇ ਕਪੜਿਆਂ ਵਾਲਾ ਆਦਮੀ ਆਇਆ। ਬੱਚੇ ਇਸ ਲਾਲ ਰੰਗ ਦੇ ਕਪੜਿਆਂ ਵਾਲੇ ਆਦਮੀ ਨੂੰ 'ਸਾਂਤਾ ਕਲਾਜ਼' ਆਖ ਰਹੇ ਸਨ।

ਸਾਂਤਾ ਕਲਾਜ਼ ਨੇ ਆਉਣ ਸਾਰ ਸਟੇਜ ਉੱਪਰ ਸਜੇ ਗਿਫਟ ਵੰਡਣੇ ਸ਼ੁਰੂ ਕਰ ਦਿੱਤੇ। ਸਾਂਤਾ ਕਲਾਜ਼ ਇਕ ਗਿਫਟ ਚੁੱਕਦਾ ਤੇ ਪੰਡਾਲ ਵਿੱਚੋਂ ਇਕ ਬੱਚਾ ਛਾਂਟ ਕੇ ਉਸਨੂੰ ਗਿਫਟ ਦੇ ਦਿੰਦਾ। ਸਾਂਤਾ ਕਲਾਜ਼ ਇੰਜ ਕਿੰਨੀ ਦੇਰ ਕਰਦਾ ਰਿਹਾ। ਉਸਨੇ ਇਕ-ਇਕ ਕਰਕੇ ਸਟੇਜ ਉੱਪਰ ਪਏ ਸਾਰੇ ਗਿਫਟ ਵੰਡ ਦਿੱਤੇ ਸਨ।

ਰੋਹਨ ਸਾਂਤਾ ਕਲਾਜ਼ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦਾ ਰਿਹਾ। ਰੋਹਨ ਭਾਵੇਂ ਪਹਿਲੀ ਕਤਾਰ ਵਿਚ ਬੈਠਾ ਸੀ, ਪਰ ਸਾਂਤਾ ਕਲਾਜ ਕੋਈ ਵੀ ਗਿਫਟ ਲੈ ਕੇ ਉਸ ਵੱਲ ਨਾ ਆਇਆ। ਰੋਹਨ ਨੇ ਕਈ ਵਾਰ ਸਾਂਤਾ ਕਲਾਜ਼ ਨੂੰ ਇਸ਼ਾਰੇ ਵੀ ਕੀਤੇ ਪਰ ਸਾਂਤਾ ਕਲਾਜ਼ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ।

ਸਾਂਤਾ ਕਲਾਜ਼ ਨੇ ਰੋਹਨ ਨੂੰ ਕੋਈ ਗਿਫਟ ਨਹੀਂ ਦਿੱਤਾ ਸੀ। ਘਰ ਆਣ ਕੇ ਰੋਹਨ ਦਾ ਰੋਣ ਨਿਕਲ ਗਿਆ।

"ਮੈਂ ਨਹੀਂ ਹੁਣ ਕਦੀਂ ਵੀ ਸਕੂਲ ਜਾਂਦਾ।" ਰੋਹਨ ਨੇ ਡੁਸਕਦੇ ਹੋਏ ਆਖਿਆ।



"ਕੀ ਹੋਇਆ, ਮੇਰੇ ਪੁੱਤਰ ਨੇ ਸਕੂਲ ਕਿਉਂ ਨਹੀਂ ਜਾਣਾ।" ਮਾਂ ਨੇ ਰੋਹਨ ਨੂੰ ਗਲ ਨਾਲ ਲਾਉਂਦਿਆਂ ਪੁੱਛਿਆ।

"ਮੈਨੂੰ ਅੱਜ ਸਾਂਤਾ ਕਲਾਜ਼ ਨੇ ਕੋਈ ਗਿਫਟ ਨਹੀਂ ਦਿੱਤਾ। ਇਸ ਕਰਕੇ ਕਲ੍ਹ ਤੋਂ ਮੈਂ ਸਕੂਲ ਨਹੀਂ ਜਾਂਦਾ।" ਰੋਹਨ ਨੇ ਦੁਬਾਰਾ ਆਖਿਆ ਤੇ ਮਾਂ ਉਸਨੂੰ ਵਰਾਉਣ ਲੱਗੀ।

"ਕੋਈ ਨਹੀਂ ਪੁੱਤਰ ਕਲ੍ਹ ਮੈਂ ਤੈਨੂੰ ਸਕੂਲ ਛੱਡ ਕੇ ਆਊਂਗੀ। ਮਾਸਟਰਾਂ ਨੂੰ ਪੁੱਛ ਕੇ ਆਊਂਗੀ ਕਿ ਮੇਰੇ ਪੁੱਤਰ ਨੂੰ ਗਿਫਟ ਕਿਉਂ ਨਹੀਂ ਮਿਲਿਆ। ਇਹ ਸਾਂਤਾ ਕਿਹੜਾ ਆ ਗਿਆ ਜਿਸ ਨੇ ਮੇਰੇ ਪੁੱਤਰ ਨੂੰ ਗਿਫਟ ਨਹੀਂ ਦਿੱਤਾ।"

ਰੋਹਨ ਦੀ ਮਾਂ ਨੂੰ ਕ੍ਰਿਸਮਿਸ ਦੇ ਤਿਉਹਾਰ ਦਾ ਤੇ ਪਤਾ ਸੀ। ਪਰ ਉਹ ਕ੍ਰਿਸਮਿਸ ਵਾਲੇ ਦਿਨ ਬੱਚਿਆਂ ਨੂੰ ਗਿਫਟ ਦੇਣ ਵਾਲੇ ਸਾਂਤਾ ਕਲਾਜ਼ ਨੂੰ ਨਹੀਂ ਜਾਣਦੀ ਸੀ।

ਮਾਂ ਅਗਲੇ ਦਿਨ ਰੋਹਨ ਨੂੰ ਲੈਕੇ ਸਕੂਲ ਪਹੁੰਚ ਗਈ। ਮਾਂ ਨੇ ਅਧਿਆਪਕਾਂ ਨਾਲ ਪਿਛਲੇ ਦਿਨ ਰੋਹਨ ਨੂੰ ਗਿਫਟ ਨਾ ਮਿਲਣ ਦੀ ਗੱਲ ਕੀਤੀ। ਮਾਂ ਨੇ ਸਾਂਤਾ ਕਲਾਜ਼ ਬਾਰੇ ਵੀ ਪੁੱਛਿਆ।

"ਸਾਂਤਾ ਕਲਾਜ਼ ਇਕ ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਬੰਦੇ ਦਾ ਨਾਂ ਹੈ। ਬੱਚਿਆਂ ਦਾ ਵਿਸ਼ਵਾਸ ਹੈ ਕਿ ਕ੍ਰਿਸਮਿਸ ਵਾਲੇ ਦਿਨ ਸਾਂਤਾ ਕਲਾਜ਼ ਉਨ੍ਹਾਂ ਨੂੰ ਵੀ ਗਿਫਟ ਦੇਕੇ ਜਾਂਦਾ ਹੈ। ਇਸ ਕਰਕੇ ਅਸੀਂ ਇਸ ਵਾਰ ਵੱਡੀ ਜਮਾਤ ਦੇ ਇਕ ਬੱਚੇ ਨੂੰ ਸਾਂਤਾ ਕਲਾਜ਼ ਬਣਾਇਆ। ਸਾਡੇ ਬੱਚੇ ਪੜ੍ਹਾਈ ਦੇ ਨਾਲ-ਨਾਲ ਹੋਰ ਖੇਤਰਾਂ ਵਿਚ ਮੱਲਾਂ ਮਾਰਦੇ ਰਹੇ ਹਨ। ਅਸੀਂ ਇਸ ਵਾਰ ਸਾਂਤਾ ਕਲਾਜ਼ ਹੱਥੋਂ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਗਿਫਟ ਦਵਾਏ ਹਨ।" ਅਧਿਆਪਕਾਂ ਨੇ ਦੱਸਿਆ ਤੇ ਮਾਂ ਸਮਝ ਗਈ ਕਿ ਰੋਹਨ ਨੂੰ ਗਿਫਟ ਕਿਉਂ ਨਹੀਂ ਮਿਲਿਆ। ਰੋਹਨ ਲਈ ਪੜ੍ਹਾਈ ਜਾਂ ਕਿਸੇ ਹੋਰ ਖੇਤਰ ਵਿਚ ਮੱਲ ਮਾਰਨੀ ਦੂਰ ਦੀ ਗੱਲ ਸੀ। ਉਹ ਤੇ ਸਕੂਲ ਨਾ ਆਉਣ ਦੇ ਵੀ ਬਹਾਨੇ ਘੜਦਾ ਰਹਿੰਦਾ ਸੀ। ਰੋਹਨ ਕਦੇ ਵੀ ਸਕੂਲ ਸਮੇਂ ਸਿਰ ਨਹੀਂ ਆਇਆ ਸੀ ਤੇ ਨਾਂ ਹੀ ਉਸਨੇ ਕਦੇ ਹੋਮ ਵਰਕ ਕੀਤਾ ਸੀ।

ਘਰ ਆਕੇ ਮਾਂ ਨੇ ਰੋਹਨ ਨੂੰ ਸਮਝਾਉਣਾ ਸੀ ਪਰ ਮਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਰੋਹਨ ਮਾਫ਼ੀ ਮੰਗਣ ਲੱਗ ਪਿਆ। ਮਾਸਟਰਾਂ ਨੇ ਜੋ ਕੁਝ ਮਾਂ ਨੂੰ ਦੱਸਿਆ ਸੀ, ਉਹ ਸਾਰਾ ਕੁਝ ਰੋਹਨ ਨੇ ਵੀ ਸੁਣ ਲਿਆ ਸੀ। ਰੋਹਨ ਨੂੰ ਨਸੀਹਤ ਮਿਲ ਗਈ ਸੀ। ਉਸਨੇ ਮਾਂ ਨਾਲ ਸਮੇਂ ਸਿਰ ਸਕੂਲ ਜਾਣ ਦਾ ਤੇ ਮਨ ਲਾਕੇ ਪੜ੍ਹਾਈ ਕਰਨ ਦਾ ਵਾਅਦਾ ਕੀਤਾ।

# ਧੰਨਵਾਦ ਭੋਲੂ

ਸਾਰੇ ਬੱਚੇ ਸਕੂਲ ਪਹੁੰਚ ਗਏ ਸਨ। ਪਰ ਭੋਲੂ ਰਾਹ ਵਿਚ ਹੀ ਅਟਕ ਗਿਆ ਸੀ। ਭੋਲੂ ਨੂੰ ਰਸਤੇ ਵਿਚ ਇਕ ਘੁੱਗੀ ਮਿਲ ਗਈ ਸੀ।

"ਕਿੰਨੀ ਸੁਹਣੀ ਨਿੱਕੀ ਜਿਹੀ ਘੁੱਗੀ!" ਭੋਲੂ ਨੇ ਆਪਣੇ ਆਪ ਨੂੰ ਆਖਿਆ ਤੇ ਉਹ ਆਪਣਾ ਬਸਤਾ ਇਕ ਇੱਟਾਂ ਦੀ ਢੇਰੀ ਉੱਪਰ ਰੱਖਕੇ ਘੁੱਗੀ ਪਿੱਛੇ ਭੱਜਣ ਲੱਗ ਪਿਆ।

ਘੁੱਗੀ ਨਿੱਕੀ ਸੀ। ਉਸਦੇ ਖੰਭ ਅਜੇ ਪੂਰੇ ਨਹੀਂ ਬਣੇ ਸਨ। ਉਹ ਅਜੇ ਪੂਰੀ ਉਡਾਰੀ ਨਹੀਂ ਭਰ ਸਕਦੀ ਸੀ। ਭੋਲੂ ਨੇ ਘੁੱਗੀ ਪਿੱਛੇ ਭੱਜ ਭੱਜ ਕੇ ਉਸਨੂੰ ਥਕਾ ਦਿੱਤਾ। ਫਿਰ ਉਸਨੇ ਦੌੜ ਲਗਾ ਕੇ ਘੁੱਗੀ ਨੂੰ ਫੜ ਲਿਆ।



"ਮੈਂ ਇਸ ਘੁੱਗੀ ਨੂੰ ਆਪਣੇ ਨਾਲ ਲੈਕੇ ਜਾਵਾਂਗਾ। ਮੈਂ ਇਸ ਨੂੰ ਆਪਣੇ ਘਰ ਰਖਾਂਗਾ।" ਭੋਲੂ ਨੇ ਘੁੱਗੀ ਦਾ ਸਿਰ ਪਲੋਸਦੇ ਹੋਏ ਆਖਿਆ। ਪਰ ਭੋਲੂ, ਘੁੱਗੀ ਨੂੰ ਆਪਣੇ ਨਾਲ ਸਕੂਲ ਨਹੀਂ ਲੈਕੇ ਜਾ ਸਕਦਾ ਸੀ। ਅਧਿਆਪਕਾਂ ਨੇ ਭੋਲੂ ਨੂੰ ਘੁੱਗੀ ਲੈ ਕੇ ਜਮਾਤ ਵਿਚ ਨਹੀਂ ਬਹਿਣ ਦੇਣਾ ਸੀ। ਇਸ ਕਰਕੇ ਭੋਲੂ ਨੇ ਉਥੇ ਹੀ ਇੱਟਾਂ ਜੋੜ ਕੇ ਇਕ ਆਲ਼ਾ ਜਿਹਾ ਬਣਾ ਲਿਆ। ਭੋਲੂ ਨੇ ਘੁੱਗੀ ਨੂੰ ਇਸ ਆਲ਼ੇ ਵਿਚ ਬਿਠਾ ਦਿੱਤਾ।

ਭੋਲੂ ਨੂੰ ਡਰ ਸੀ ਕਿ ਕੋਈ ਹੋਰ ਜਾਨਵਰ ਜਾਂ ਪੰਛੀ, ਘੁੱਗੀ ਨੂੰ ਮਾਰ ਨਾ ਦੇਵੇ ਜਾਂ ਫਿਰ ਕੋਈ ਹੋਰ ਬੱਚਾ ਇਸ ਪਿਆਰੀ ਜਿਹੀ ਘੁੱਗੀ ਨੂੰ ਆਪਣੇ ਘਰ ਨਾ ਲੈ ਜਾਵੇ। ਇਸ ਕਰਕੇ ਉਸਨੇ ਹੋਰ ਇੱਟਾਂ ਜੋੜ ਕੇ ਆਲ਼ੇ ਦਾ ਮੂੰਹ ਵੀ ਬੰਦ ਕਰ ਦਿੱਤਾ।

ਘੁੱਗੀ ਨੂੰ ਇੱਟਾਂ ਵਿਚ ਕੈਦ ਕਰਕੇ ਭੋਲੂ ਸਕੂਲ ਚਲਾ ਗਿਆ। ਉਹ ਸਾਰਾ ਦਿਨ ਜ਼ਮਾਤ ਵਿਚ ਬੈਠਾ ਤਾਂ ਰਿਹਾ ਪਰ ਉਸਦਾ ਧਿਆਨ ਘੁੱਗੀ ਵਿਚ ਹੀ ਸੀ। ਭੋਲੂ ਨੇ ਸਾਰਾ ਦਿਨ ਇਕ ਅੱਖਰ ਵੀ ਨਾ ਪੜ੍ਹਿਆ।

ਛੁੱਟੀ ਹੋਣ ਸਾਰ ਭੋਲੂ ਸਭ ਬੱਚਿਆਂ ਤੋਂ ਪਹਿਲਾਂ ਸਕੂਲੋਂ ਨਿਕਲ ਪਿਆ। ਉਹ ਸਿੱਧਾ ਉਸ ਆਲ਼ੇ ਕੋਲ ਪਹੁੰਚ ਗਿਆ, ਜਿਸ ਵਿਚ ਉਸਨੇ ਘੁੱਗੀ ਨੂੰ ਬੰਦ ਕੀਤਾ ਸੀ। ਭੋਲੂ ਨੇ ਆਲ਼ੇ ਅੱਗੇ ਲੱਗੀਆਂ ਇੱਟਾਂ ਵੱਲ ਵੇਖਿਆ। ਇੱਟਾਂ ਉੱਪਰ ਕਿਸੇ ਪੰਛੀ ਦੀਆਂ ਚੁੰਜਾਂ ਦੇ ਨਿਸ਼ਾਨ ਸਨ।

"ਇਸਦੀ ਮਾਂ, ਵੱਡੀ ਘੁੱਗੀ ਆਈ ਹੋਵੇਗੀ। ਉਹ ਚੁੰਜਾਂ ਨਾਲ ਆਲ਼ੇ ਨੂੰ ਖੋਹਲਣ ਦੀ ਕੋਸ਼ਿਸ਼ ਕਰਦੀ ਰਹੀ ਹੋਵੇਗੀ।" ਭੋਲੂ ਨੇ ਅਨੁਮਾਨ ਲਾਇਆ।

"ਹੁਣ ਤੇ ਇਹ ਪਿਆਰੀ ਜਿਹੀ ਨਿੱਕੀ ਘੁੱਗੀ ਮੇਰੇ ਨਾਲ ਜਾਵੇਗੀ।" ਭੋਲੂ ਨੇ ਇਹ ਆਖਦਿਆਂ ਆਲ਼ੇ ਅਗਿਓ ਇੱਟਾਂ ਹਟਾ ਦਿੱਤੀਆਂ। ਘੁੱਗੀ ਆਲ਼ੇ ਵਿਚ ਸਹਿਮੀ ਬੈਠੀ ਸੀ।

"ਤੂੰ ਡਰ ਨਾ। ਮੈਂ ਤੈਨੂੰ ਕੁਝ ਨਹੀਂ ਆਖਦਾ। ਘਰ ਜਾਕੇ ਤੇਰੀ ਖੂਬ ਸੇਵਾ ਕਰਾਂਗਾ।" ਭੋਲੂ ਨੇ ਘੁੱਗੀ ਨੂੰ ਆਪਣੇ ਵੱਲੋਂ ਦਿਲਾਸਾ ਦਿੱਤਾ। ਉਹ ਘੁੱਗੀ ਨੂੰ ਲੈਕੇ ਆਪਣੇ ਘਰ ਪਹੁੰਚ ਗਿਆ।

"ਮਾਂ! ਵੇਖ! ਮੈਂ ਅੱਜ ਕੀ ਲੈ ਕੇ ਆਇਆ ਹਾਂ। ਮੈਂ ਇਸ ਨੂੰ ਆਪਣੇ ਘਰ ਰਖਾਂਗਾ। ਮੈਂ ਇਸ ਨੂੰ ਚੋਗਾ ਪਾਇਆ ਕਰਾਂਗਾ। ਮੈਂ ਇਸਦੀ ਇੰਨੀ ਸੇਵਾ ਕਰਾਂਗਾ ਕਿ ਇਸਦਾ ਸਾਡੇ ਘਰੋਂ ਜਾਣ ਨੂੰ ਜੀਅ ਨਹੀਂ ਕਰੇਗਾ।" ਭੋਲੂ ਨੇ ਚਾਈਂ ਚਾਈਂ ਆਪਣੀ ਮਾਂ ਨੂੰ ਘੁੱਗੀ ਵਿਖਾਉਂਦਿਆਂ ਆਖਿਆ।

"ਪੁੱਤਰ! ਇਸ ਦੀਆਂ ਅੱਖਾਂ ਵਿਚ ਤੇ ਹੰਝੂ ਹਨ।" ਮਾਂ ਨੇ ਘੁੱਗੀ ਵੱਲ ਵੇਖਕੇ ਆਖਿਆ। "ਪੁੱਤਰ! ਇਹ ਆਪਣੀ ਮਾਂ ਕੋਲ ਜਾਣਾ ਚਾਹੁੰਦੀ ਹੈ। ਮਾਂ ਤੋਂ ਬਿਨਾਂ ਇਹ ਓਦਰ ਗਈ ਹੈ। ਇਸ ਦੀ ਮਾਂ ਇਸ ਨੂੰ ਲੱਭ- ਲੱਭ ਹਾਰ ਗਈ ਹੋਵੇਗੀ। ਇਸਦੀ ਮਾਂ ਉੱਤੇ ਇਕ ਰੰਗ ਆਉਂਦਾ ਤੇ ਇਕ ਜਾਂਦਾ ਹੋਵੇਗਾ। ਤੂੰ ਇਸ ਨੂੰ ਜਿੱਥੋਂ ਲੈਕੇ ਆਇਆ ਸੀ, ਉਥੇ ਹੀ ਵਾਪਸ ਛੱਡ ਆ।" ਮਾਂ ਨੇ ਦੁਬਾਰਾ ਆਖਿਆ। ਪਰ ਭੋਲੂ ਘੁੱਗੀ ਨੂੰ ਵਾਪਸ ਛੱਡ ਕੇ ਆਉਣ ਲਈ ਤਿਆਰ ਨਹੀਂ ਸੀ। ਉਹ ਘੁੱਗੀ ਨੂੰ ਛੱਡਣ ਦੀ ਥਾਂ ਸਗੋਂ ਮਾਂ ਨਾਲ ਬਹਿਸਬਾਜੀ ਕਰਨ ਲੱਗ ਪਿਆ।

"ਪੁੱਤਰ! ਇਸ ਘੁੱਗੀ ਦੀ ਥਾਂ 'ਤੇ ਤੂੰ ਆਪਣੇ ਆਪ ਨੂੰ ਰੱਖਕੇ ਵੇਖ। ਕੀ ਤੂੰ ਆਪਣੀ ਮਾਂ ਤੋਂ ਬਿਨਾਂ ਰਹਿ ਸਕਦਾ ਹੈਂ?" ਮਾਂ ਨੇ ਪੁੱਛਿਆ। ਹੁਣ ਭੋਲੂ ਕੋਲ ਕੋਈ ਜਵਾਬ ਨਹੀਂ ਸੀ। ਮਾਂ ਜਦੋਂ ਕਦੇ ਭੋਲੂ ਨੂੰ ਘਰ

ਛੱਡ ਕੇ ਮਾਮੇ ਜਾਂਦੀ ਹੁੰਦੀ ਸੀ, ਉਹ ਪਿੱਛੋਂ ਓਦਰ ਜਾਂਦਾ ਹੁੰਦਾ ਸੀ। ਉਸਨੂੰ ਬੁਖ਼ਾਰ ਚੜ੍ਹ ਜਾਂਦਾ ਹੁੰਦਾ ਸੀ।

ਭੋਲੂ, ਘੁੱਗੀ ਨੂੰ ਵਾਪਸ ਉਥੇ ਹੀ ਛੱਡਣ ਤੁਰ ਪਿਆ, ਜਿੱਥੋਂ ਉਹ ਲੈਕੇ ਆਇਆ ਸੀ।

"ਪੁੱਤਰ! ਗੱਲ ਸੁਣ। ਹੁਣ ਤੂੰ ਇਸ ਘੁੱਗੀ ਨੂੰ ਇਕੱਲਿਆਂ ਨਾਂ ਛੱਡੀਂ। ਨਿਕੜੀ ਜਿਹੀ ਇਸ ਘੁੱਗੀ ਨੂੰ ਕੋਈ ਹੋਰ ਜਾਨਵਰ ਜਾਂ ਪੰਛੀ ਦਬੋਚ ਲਵੇਗਾ। ਤੂੰ ਇਸ ਨੂੰ ਲੈਕੇ ਉਸੇ ਥਾਂ 'ਤੇ ਬਹਿ ਜਾਵੀਂ, ਜਿੱਥੋਂ ਤੂੰ ਇਸ ਨੂੰ ਲੈਕੇ ਆਇਆਂ ਸੈਂ। ਇਸ ਦੀ ਮਾਂ ਬਾਵਰੀ ਹੋਈ, ਇਸ ਨੂੰ ਲੱਭਦੀ ਲੱਭਦੀ ਜ਼ਰੂਰ ਉਥੇ ਗੇੜਾ ਮਾਰੇਗੀ। ਉਹ ਆਪਣੇ ਬੱਚੇ ਨੂੰ ਵੇਖਕੇ ਖੁਸ਼ ਹੋ ਜਾਵੇਗੀ। ਉਹ ਜ਼ਰੂਰ ਤੇਰਾ ਧੰਨਵਾਦ ਕਰੇਗੀ।" ਮਾਂ ਨੇ ਤੁਰੇ ਜਾਂਦੇ ਭੋਲੂ ਨੂੰ ਪਿੱਛੋਂ ਅਵਾਜ਼ ਮਾਰ ਕੇ ਹਿਦਾਇਤ ਦਿੱਤੀ।


# ਪੰਛੀਆਂ ਦੀ ਲੁਕਣਮੀਟੀ

ਪਿੰਡ ਦੇ ਬਾਹਰ ਵਾਰ ਜਿੱਥੇ ਬੱਚੇ ਰੋਜ਼ਾਨਾ ਖੇਡਣ ਆਉਂਦੇ ਸਨ, ਉੱਥੇ ਰੁੱਖਾਂ ਉੱਪਰ ਕੁਝ ਪੰਛੀ ਵੀ ਰਹਿੰਦੇ ਸਨ। ਪੰਛੀ, ਖੇਡਦੇ ਹੋਏ ਬੱਚਿਆਂ ਨੂੰ ਰੋਜ਼ਾਨਾ ਵੇਖਦੇ ਸਨ। ਬੱਚਿਆਂ ਨੂੰ ਵੇਖਕੇ ਇਕ ਦਿਨ ਤੋਤੇ ਦਾ ਵੀ ਖੇਡਣ ਨੂੰ ਮਨ ਕਰ ਆਇਆ।

"ਅੱਜ ਆਪਾਂ ਵੀ ਲੁਕਣਮੀਟੀ ਖੇਡਾਂਗੇ।' ਤੋਤੇ ਨੇ ਆਖਿਆ।

ਤੋਤੇ ਦੇ ਕਹਿਣ ਦੀ ਦੇਰ ਸੀ ਕਿ ਚਿੜੀ, ਘੁੱਗੀ ਤੇ ਕਾਂ ਲੁਕਣਮੀਟੀ ਖੇਡਣ ਲਈ ਤਿਆਰ ਹੋ ਗਏ।

"ਪਹਿਲਾਂ ਮੀਟੀ ਕੌਣ ਦੇਵੇਗਾ।" ਇਹ ਫੈਸਲਾ ਕਾਂ ਨੇ ਸ਼ਹਿਤੂਤ ਦੇ ਚਾਰ ਪੱਤੇ ਤੋੜ ਕੇ ਕਰ ਦਿੱਤਾ।



ਕਾਂ ਨੇ ਚਾਰਾਂ ਪੱਤਿਆਂ ਨੂੰ ਪੈਰ ਹੇਠ ਦੱਬ ਕੇ ਸਭ ਨੂੰ ਇਕ ਇਕ ਪੱਤਾ ਖਿੱਚਣ ਵਾਸਤੇ ਕਿਹਾ। ਕਾਂ ਨੇ ਇਕ ਪੱਤਾ ਪਹਿਲਾਂ ਹੀ ਚੁੰਝ ਨਾਲ ਥੋੜਾ ਜਿਹਾ ਕੱਟ ਦਿੱਤਾ ਸੀ। ਜਿਸ ਕੋਲ ਇਹ ਕੱਟਿਆ ਹੋਇਆ ਪੱਤਾ ਜਾਣਾ ਸੀ, ਉਸੇ ਨੇ ਮੀਟੀ ਦੇਣੀ ਸੀ। ਘੁੱਗੀ ਨੇ ਸਭ ਤੋਂ ਪਹਿਲਾਂ ਪੱਤਾ ਖਿੱਚਿਆ ਤੇ ਕੱਟਿਆ ਹੋਇਆ ਪੱਤਾ

ਘੁੱਗੀ ਕੋਲ ਚਲਾ ਗਿਆ। ਕਾਂ ਚਲਾਕ ਸੀ। ਕਾਂ ਨੇ ਕੱਟਿਆ ਹੋਇਆ ਪੱਤਾ ਸੰਵਾਰ ਕੇ ਪੈਰ ਹੇਠ ਨਹੀਂ ਦੱਬਿਆ ਸੀ।

ਫਿਰ ਪੰਛੀਆਂ ਦੀ ਲੁਕਣਮੀਟੀ ਸ਼ੁਰੂ ਹੋ ਗਈ। ਚਿੜੀ ਫਟਾਫਟ ਉਸੇ ਟਾਹਲੀ ਦੀ ਇਕ ਖੋੜ ਵਿਚ ਲੁਕ ਗਈ, ਜਿਸ ਉੱਪਰ ਉਸਦਾ ਆਲ੍ਹਣਾ ਸੀ। ਤੋਤਾ ਇਕ ਸ਼ਹਿਤੂਤ ਦੇ ਸੰਘਣੇ ਪੱਤਿਆਂ ਵਿਚ ਲੁਕ ਗਿਆ।

ਕਾਂ ਬੇਹਦ ਚਲਾਕ ਸੀ। ਉਹ ਖੇਡ ਮੈਦਾਨ ਵਿਚ ਕਿਧਰੇ ਲੁਕਣ-ਛਿਪਣ ਦੀ ਥਾਂ ਪਿੰਡ ਵਿਚ ਚਲਾ ਗਿਆ।

"ਮੈਂ ਕਿਸੇ ਘਰ ਵਿਚ ਜਾਕੇ ਲੁਕਦਾ ਹਾਂ। ਘਰ ਵਿੱਚੋਂ ਕੁਝ ਖਾ-ਪੀ ਵੀ ਲਵਾਂਗਾ ਤੇ ਮੈਨੂੰ ਕੋਈ ਲੱਭ ਵੀ ਨਹੀਂ ਸਕੇਗਾ।" ਕਾਂ ਨੇ ਸੋਚਿਆ ਸੀ।

"ਲੁਕ-ਛਿਪ ਜਾਣਾ, ਮਕਈ ਦਾ ਦਾਣਾ। ਮੇਰੇ ਘੋੜੇ ਲਈ ਵੀ ਲਿਆਉਣਾ।" ਥੋੜਾ ਚਿਰ ਰੁੱਕ ਕੇ ਘੁੱਗੀ ਇਹ ਆਖਦੇ ਹੋਏ ਕਾਂ, ਚਿੜੀ ਤੇ ਤੋਤੇ ਨੂੰ ਲੱਭਣ ਤੁਰ ਪਈ।

ਘੁੱਗੀ ਨੇ ਚਿੜੀ ਅਤੇ ਤੋਤੇ ਨੂੰ ਤਾਂ ਝੱਟ ਵਿਚ ਹੀ ਲੱਭ ਲਿਆ। ਪਰ ਉਸਨੂੰ, ਕਾਂ ਨਾ ਲੱਭਾ। ਘੁੱਗੀ, ਕਾਂ ਨੂੰ ਲੱਭ ਲੱਭ ਹਾਰ ਗਈ। ਘੁੱਗੀ ਨਾਲ ਚਿੜੀ ਅਤੇ ਤੋਤਾ ਵੀ ਕਾਂ ਨੂੰ ਲੱਭਣ ਲੱਗੇ। ਪਰ ਉਨ੍ਹਾਂ ਨੂੰ ਕਾਂ ਕਿਧਰੇ ਨਾ ਦਿਸਿਆ।

"ਕਾਂ ਭਰਾਵਾ! ਤੂੰ ਜਿੱਤਿਆ। ਮੈਂ ਹਾਰ ਗਈ।" ਘੁੱਗੀ ਨੇ ਇਕ ਟਾਹਲੀ ਦੀ ਸਿਖਰਲੀ ਟਹਿਣੀ 'ਤੇ ਬਹਿ ਕੇ ਹੋਕਰਾ ਮਾਰਿਆ। ਕਾਂ ਵੱਲੋਂ ਇਸ ਵੇਲੇ ਵੀ ਕੋਈ ਜਵਾਬ ਨਾ ਆਇਆ। ਘੁੱਗੀ ਸਮਝ ਗਈ ਕਿ ਕਾਂ ਖੇਡ ਮੈਦਾਨ ਵਿਚ ਕਿਧਰੇ ਨਹੀਂ ਲੁਕਿਆ-ਛਿਪਿਆ। ਉਹ ਪਿੰਡ ਵਿਚ ਚਲਾ ਗਿਆ ਹੈ।

ਘੁੱਗੀ ਨੇ ਵੀ ਕਾਂ ਨੂੰ ਲੱਭਣ ਲਈ ਪਿੰਡ ਵੱਲ ਉਡਾਰੀ ਭਰ ਲਈ। ਉਹ ਅਜੇ ਥੋੜੀ ਦੂਰ ਹੀ ਗਈ ਸੀ। ਘੁੱਗੀ ਦੇ ਕੰਨੀਂ ਕਾਂ ਦੇ ਰੋਣ ਦੀ ਅਵਾਜ਼ ਪਈ। ਇਕ ਘਰ ਵਿੱਚੋਂ ਕਾਂ ਦੇ ਰੋਣ ਦੀ ਅਵਾਜ਼ ਆ ਰਹੀ ਸੀ। ਘੁੱਗੀ ਫਟਾਫਟ ਕਾਂ ਕੋਲ ਪਹੁੰਚ ਗਈ।

ਕਾਂ ਘਰ ਵਿਚ ਚੁਲ੍ਹੇ ਸਾਹਮਣੇ ਲੰਮਾ ਪਿਆ ਸੀ। ਉਹ ਦਰਦ ਨਾਲ ਚੀਕ ਰਿਹਾ ਸੀ। ਕਾਂ ਨੂੰ ਵੇਖਕੇ ਘੁੱਗੀ ਸਮਝ ਗਈ ਕਿ ਕਾਂ ਚੁਲ੍ਹੇ ਵਿਚ ਲੁਕਿਆ ਸੀ। ਚੁਲ੍ਹੇ ਵਿਚਲੀ ਭੁੱਬਲ ਨਾਲ ਕਾਂ ਦੇ ਖੰਭ ਤੇ ਪੈਰ ਝੁਲਸ ਗਏ ਹਨ।

ਚੁਲ੍ਹੇ ਉੱਪਰ ਪਤੀਲਾ ਵੀ ਸੀ। ਪਤੀਲੇ ਵੱਲ ਨਿਗ੍ਹਾ ਮਾਰ ਕੇ ਘੁੱਗੀ ਇਹ ਵੀ ਸਮਝ ਗਈ ਕਿ ਕਾਂ ਦੀ ਜੀਭ ਵੀ ਸੜ ਗਈ ਹੈ। ਪਤੀਲੇ ਦਾ ਢੱਕਣ ਲੱਥਾ ਹੋਇਆ ਸੀ।

"ਲਾਲਚੀ ਕਾਂ ਨੇ ਲੁਕਣ ਤੋਂ ਪਹਿਲਾਂ ਪਤੀਲੇ ਵਿੱਚੋਂ ਗਰਮ ਗਰਮ ਚੌਲਾਂ ਦਾ ਰੁਗ ਵੀ ਜ਼ਰੂਰ ਭਰਿਆ ਹੋਵੇਗਾ।" ਘੁੱਗੀ ਨੂੰ ਖਿਆਲ ਆਇਆ। ਉਸਨੇ ਉਸੇ ਵੇਲੇ ਚਿੜੀ ਅਤੇ ਤੋਤੇ ਨੂੰ ਸੱਦ ਲਿਆਂਦਾ। ਘੁੱਗੀ, ਚਿੜੀ ਅਤੇ ਤੋਤੇ ਨੂੰ ਕਾਂ ਕੋਲ ਛੱਡ ਕੇ ਆਪ ਡਾਕਟਰ ਬਿਜੜੇ ਨੂੰ ਲੈਣ ਚਲੀ ਗਈ।

ਡਾਕਟਰ ਬਿਜੜਾ ਬੇਹਦ ਸਿਆਣਾ ਸੀ। ਡਾਕਟਰ ਬਿਜੜੇ ਨੇ ਉਸੇ ਵੇਲੇ ਕਾਂ ਦੇ ਸੜੇ ਖੰਭਾਂ ਅਤੇ ਪੈਰਾਂ ਦਾ ਇਲਾਜ ਸ਼ੁਰੂ ਕਰ ਦਿੱਤਾ।

ਹੁਣ ਤੋਤਾ ਆਪਣੇ ਆਪ ਨੂੰ ਦੋਸ਼ੀ ਸਮਝ ਰਿਹਾ ਸੀ।

"ਮੈਂ ਇਨ੍ਹਾਂ ਨੂੰ ਖੇਡਣ ਵਾਸਤੇ ਨਾ ਕਹਿੰਦਾ ਤਾਂ ਇਹ ਹਾਦਸਾ ਨਹੀਂ ਵਾਪਰਨਾ ਸੀ।" ਤੋਤਾ ਆਖ ਰਿਹਾ ਸੀ।

"ਤੋਤੇ ਭਰਾ! ਦੋਸ਼ੀ ਤੂੰ ਨਹੀਂ ਕਾਂ ਹੈ। ਖੇਡਣਾ ਕੋਈ ਮਾੜੀ ਗੱਲ ਨਹੀਂ ਹੈ। ਖੇਡਣ ਨਾਲ ਆਪਸੀ ਪ੍ਰੇਮ ਵਧਦਾ ਤੇ ਸਰੀਰ ਨਰੋਆ ਰਹਿੰਦਾ ਹੈ।" ਚਿੜੀ ਨੇ ਆਖਿਆ।


"ਕਾਂ ਨੂੰ ਖੇਡ ਜਾਬਤੇ ਵਿਚ ਰਹਿ ਕੇ ਖੇਡਣਾ ਚਾਹੀਦਾ ਸੀ। ਉਸਨੂੰ ਖੇਡ ਮੈਦਾਨ ਵਿਚ ਹੀ ਰਹਿਣਾ ਚਾਹੀਦਾ ਸੀ। ਲੁਕਣ ਲਈ ਪਿੰਡ ਵਿਚ ਨਹੀਂ ਜਾਣਾ ਚਾਹੀਦਾ ਸੀ।"

ਕਾਂ ਹੌਲ਼ੀ ਹੌਲ਼ੀ ਰਾਜੀ ਹੋ ਰਿਹਾ ਸੀ। ਉਸਦੇ ਜ਼ਖ਼ਮਾਂ 'ਤੇ ਅੰਗੂਰ ਆਉਣ ਲੱਗ ਪਿਆ ਸੀ। ਹੁਣ ਕਾਂ ਨੇ ਅੱਗੇ ਤੋਂ ਚਲਾਕੀ ਨਾ ਕਰਨ ਤੇ ਅੱਗੇ ਤੋਂ ਜਾਬਤੇ ਵਿਚ ਰਹਿ ਕੇ ਖੇਡਣ ਦਾ ਫੈਸਲਾ ਕਰ ਲਿਆ ਸੀ।

# ਚਿੜੀ ਤੇ ਘੁੱਗੀ

ਚਿੜੀ ਤੇ ਘੁੱਗੀ ਇੱਕੋ ਦਰੱਖਤ ਉੱਪਰ ਰਹਿੰਦੀਆਂ ਸਨ। ਚਿੜੀ ਤੇ ਘੁੱਗੀ ਦਿਨ ਵਿਚ ਇਧਰ ਉਧਰ ਚੋਗਾ ਲੈਣ ਚਲੀਆਂ ਜਾਂਦੀਆਂ ਸਨ। ਸ਼ਾਮ ਨੂੰ ਉਹ ਆਪੋ-ਆਪਣੇ ਆਲ੍ਹਣੇ ਵਿਚ ਆ ਜਾਂਦੀਆਂ ਸਨ। ਇਕ ਦਿਨ ਘੁੱਗੀ ਘੁੰਮਦੀ ਫਿਰਦੀ ਚੋਗਾ ਲੈਣ ਲਈ ਇਕ ਬਗੀਚੇ ਵਿਚ ਚਲੀ ਗਈ। ਬਗੀਚੇ ਵਿਚ ਰੰਗ ਬਰੰਗੇ ਫੁੱਲ ਸਨ। ਘੁੱਗੀ ਰੰਗ ਬਰੰਗੇ ਫੁੱਲਾਂ ਨੂੰ ਵੇਖਕੇ ਬਹੁਤ ਖੁਸ਼ ਹੋਈ। ਫਿਰ ਘੁੱਗੀ ਰੋਜ਼ਾਨਾ ਬਗੀਚੇ ਵਿਚ ਜਾਣ ਲੱਗ ਪਈ।

ਘੁੱਗੀ ਸਾਰਾ ਦਿਨ ਰੰਗ ਬਰੰਗੇ ਫੁੱਲਾਂ ਵਿਚ ਹੀ ਰਹਿਣ ਲੱਗ ਪਈ। ਘੁੱਗੀ ਫੁੱਲਾਂ ਵਿਚ ਘੁੰਮ ਫਿਰ ਕੇ ਬਹੁਤ ਖੁਸ਼ ਹੁੰਦੀ। ਘੁੱਗੀ ਬਗੀਚੇ ਵਿਚੋਂ ਹੀ ਚੋਗਾ ਇਕੱਠਾ ਕਰਦੀ ਰਹਿੰਦੀ ਸੀ। ਘੁੱਗੀ ਨੂੰ ਬਗੀਚੇ ਵਿੱਚੋਂ ਚੋਗਾ ਸੌਖਾ ਨਹੀਂ ਮਿਲਦਾ ਸੀ। ਪਰ ਘੁੱਗੀ ਹੁਣ ਚੋਗੇ ਲਈ ਹੋਰ ਕਿਧਰੇ ਜਾਣਾ ਪਸੰਦ ਨਹੀਂ ਕਰਦੀ ਸੀ। ਘੁੱਗੀ ਸ਼ਾਮ ਨੂੰ ਵੀ ਕੁਝ ਦਿਨ ਹੀ ਚਿੜੀ ਕੋਲ ਆਪਣੇ ਆਲ੍ਹਣੇ ਵਿਚ ਗਈ। ਉਸਨੇ ਬਗ਼ੀਚੇ ਵਿਚ ਹੀ ਇਕ ਰੰਗ ਬਰੰਗੇ ਫੁੱਲਾਂ ਦੇ ਬੂਟੇ ਉੱਪਰ ਆਪਣਾ ਆਲ੍ਹਣਾ ਬਣਾ ਲਿਆ। ਉਸਨੇ ਆਪਣੀ ਸਹੇਲੀ ਚਿੜੀ ਨੂੰ ਵੀ ਬਗੀਚੇ ਵਿਚ ਆ ਜਾਣ ਲਈ ਆਖਿਆ।



ਚਿੜੀ ਵੀ ਘੁੱਗੀ ਦੇ ਕਹਿਣ 'ਤੇ ਬਗੀਚੇ ਵਿਚ ਗੇੜਾ ਮਾਰਨ ਲੱਗ ਪਈ। ਚਿੜੀ ਬਗੀਚੇ ਵਿਚ ਆਕੇ ਸਭ ਤੋਂ ਪਹਿਲਾਂ ਘੁੱਗੀ ਨੂੰ ਮਿਲਦੀ। ਉਹ ਦੋਵੇਂ ਜਣੀਆਂ ਕਿੰਨੀ ਕਿੰਨੀ ਦੇਰ ਗੱਲਾਂ ਕਰਦੀਆਂ ਰਹਿੰਦੀਆਂ।

"ਚਿੜੀ ਭੈਣ! ਤੂੰ ਤੇ ਇਥੇ ਫੁੱਲਾਂ ਵਿਚ ਫਿਰਦੀ ਹੋਈ ਹੋਰ ਵੀ ਸੁਹਣੀ ਲਗਦੀ ਹੈਂ।" ਇਕ ਦਿਨ ਘੁੱਗੀ ਨੇ ਗੱਲਾਂ ਗੱਲਾਂ ਵਿਚ ਚਿੜੀ ਨੂੰ ਆਖਿਆ। ਘੁੱਗੀ ਚਾਹੁੰਦੀ ਸੀ ਕਿ ਚਿੜੀ ਵੀ ਉਸ ਵਾਂਗ ਬਗੀਚੇ ਵਿਚ ਹੀ ਆਲ੍ਹਣਾ ਬਣਾ ਲਵੇ। ਪਰ ਘੁੱਗੀ ਦੇ ਕਹਿਣ 'ਤੇ ਚਿੜੀ ਨੇ ਆਪਣਾ ਆਲ੍ਹਣਾ ਬਗੀਚੇ ਵਿਚ ਨਾ ਬਣਾਇਆ। ਉਹ ਸ਼ਾਮ ਨੂੰ ਆਪਣੇ ਕੰਡਿਆਲੀ ਝਾੜੀ ਵਿਚਲੇ ਆਲ੍ਹਣੇ ਵਿਚ ਹੀ ਚਲੀ ਜਾਂਦੀ ਸੀ। ਫਿਰ ਇਕ ਦਿਨ ਘੁੱਗੀ, ਚਿੜੀ ਨੂੰ ਆਪਣੇ ਆਲ੍ਹਣੇ ਵਿਚ ਲੈ ਗਈ।

"ਵੇਖ ਚਿੜੀ ਭੈਣ, ਮੇਰਾ ਆਲ੍ਹਣਾ ਕਿਵੇਂ ਵੰਨ-ਸੁਵੰਨੀ ਖੁਸ਼ਬੋ ਨਾਲ ਭਰਿਆ ਪਿਆ। ਤੂੰ ਵੀ ਇਥੇ ਬਗ਼ੀਚੇ ਵਿਚ ਹੀ ਆਪਣਾ ਆਲ੍ਹਣਾ ਬਣਾ ਲੈ।" ਘੁੱਗੀ ਨੇ ਆਖਿਆ।

"ਘੁੱਗੀ ਭੈਣ, ਮੈਂ ਤੇ ਕੰਡਿਆਲੀ ਝਾੜੀ ਵਿਚ ਹੀ ਠੀਕ ਹਾਂ।" ਚਿੜੀ ਦਾ ਜਵਾਬ ਸੀ।

"ਚਿੜੀ ਭੈਣ, ਇਥੇ ਆਪਾਂ ਨੂੰ ਕੋਈ ਡਰ ਨਹੀਂ ਹੈ। ਮੇਰਾ ਆਲ੍ਹਣਾ ਸੰਘਣੇ ਪੱਤਿਆਂ ਤੇ ਫੁੱਲਾਂ ਵਿਚ ਲੁਕਿਆ ਹੋਣ ਕਰਕੇ ਬਾਹਰੋਂ ਕਿਸੇ ਨੂੰ ਨਹੀਂ ਦਿਸਦਾ। ਤੂੰ ਵੀ ਇਥੇ ਬਗ਼ੀਚੇ ਵਿਚ ਹੀ ਆ ਜਾ। ਮੈਂ, ਤੇਰੇ ਨਾਲ ਆਲ੍ਹਣਾ ਬਣਾ ਦੇਵਾਂਗੀ। ਇਥੇ ਇਕੱਠੀਆਂ ਰਿਹਾ ਕਰਾਂਗੀਆਂ।" ਘੁੱਗੀ ਨੇ ਆਪਣੇ ਵੱਲੋਂ ਚਿੜੀ ਨੂੰ ਦੁਬਾਰਾ ਸਮਝਾਇਆ। ਪਰ ਚਿੜੀ ਨਾ ਮੰਨੀ। ਚਿੜੀ ਬਹੁਤ ਹੀ ਸਿਆਣੀ ਸੀ।

"ਇਨ੍ਹਾਂ ਫੁੱਲਾਂ ਦੀ ਖੁਸ਼ਬੋ ਥੋੜ-ਚਿਰੀ ਹੈ। ਇਸ ਬਗ਼ੀਚੇ ਵਿਚ ਆਲ੍ਹਣਾ ਬਣਾਉਣਾ ਖ਼ਤਰਾ ਸਹੇੜਨ ਵਾਲੀ ਗੱਲ ਹੈ।" ਚਿੜੀ ਸੋਚਦੀ। ਚਿੜੀ ਸ਼ਾਮ ਨੂੰ ਆਪਣੇ ਕੰਡਿਆਲੀ ਝਾੜੀ ਵਾਲੇ ਆਲ੍ਹਣੇ ਵਿਚ ਹੀ ਚਲੀ ਜਾਂਦੀ ਸੀ।

ਕੁਝ ਦਿਨਾਂ ਬਾਅਦ ਪਤਝੜ ਰੁੱਤ ਆ ਗਈ। ਬਗ਼ੀਚੇ ਵਿਚਲੇ ਸਾਰੇ ਫੁੱਲਾਂ ਦੇ ਬੂਟੇ ਸੁੱਕ ਗਏ। ਸੁੱਕੇ ਫੁੱਲਾਂ ਦੇ ਬੂਟੇ 'ਤੇ ਘੁੱਗੀ ਦਾ ਆਲ੍ਹਣਾ ਦੂਰੋਂ ਹੀ ਹਰੇਕ ਦੀ ਨਜ਼ਰ ਪੈਣ ਲੱਗ ਪਿਆ ਸੀ।

"ਘੁੱਗੀ ਭੈਣ, ਤੈਨੂੰ ਆਪਣਾ ਆਲ੍ਹਣਾ ਕੁਝ ਦਿਨਾਂ ਲਈ ਕਿਧਰੇ ਹੋਰ ਬਣਾ ਲੈਣਾ ਚਾਹੀਦਾ ਹੈ। ਇਥੇ ਹੁਣ ਤੂੰ ਸੁਰੱਖਿਅਤ ਨਹੀਂ ਹੈ।" ਇਕ ਦਿਨ ਚਿੜੀ ਨੇ ਘੁੱਗੀ ਨੂੰ ਸਲਾਹ ਦਿੱਤੀ।

"ਕੁਝ ਦਿਨਾਂ ਦੀ ਹੀ ਗੱਲ ਹੈ। ਬੂਟਿਆਂ 'ਤੇ ਨਵੇਂ ਪੱਤੇ ਆ ਜਾਣੇ ਹਨ। ਮੇਰਾ ਆਲ੍ਹਣਾ ਫਿਰ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਹੋ ਜਾਣਾ। ਉਂਜ ਵੀ ਮੈਥੋਂ, ਤੇਰੇ ਵਾਂਗ ਕੰਡਿਆਂ ਨਾਲ ਖੰਭ ਨਹੀਂ ਪੜਵਾਏ ਜਾਂਦੇ।" ਘੁੱਗੀ ਨੇ ਨੱਕ ਚੜ੍ਹਾਉਂਦੇ ਹੋਏ ਜਵਾਬ ਦਿੱਤਾ।

ਚਿੜੀ, ਘੁੱਗੀ ਨੂੰ ਹੋਰ ਕਿਸ ਤਰ੍ਹਾਂ ਸਮਝਾਉਂਦੀ! ਉਹ ਚੁਪਚਾਪ ਆਪਣੇ ਆਲ੍ਹਣੇ ਵਿਚ ਚਲੀ ਗਈ।

ਉਸੇ ਸ਼ਾਮ ਮਾਲੀ ਆਇਆ। ਮਾਲੀ ਆਣ ਕੇ ਫੁੱਲਾਂ ਦੇ ਸੁੱਕੇ ਬੂਟਿਆਂ ਨੂੰ ਵੱਢਣ ਲੱਗਾ। ਉਸਨੇ ਕਿਆਰੀਆਂ ਖਾਲੀ ਕਰਕੇ ਨਵੇਂ ਫੁੱਲ ਬੀਜਣੇ ਸਨ। ਉਹ ਘੁੱਗੀ ਦੇ ਆਲ੍ਹਣੇ ਵਾਲੇ ਸੁੱਕੇ ਬੂਟੇ ਨੂੰ ਵੀ ਵੱਢਣ ਲੱਗਾ। ਘੁੱਗੀ ਨੇ ਮਾਲੀ ਅੱਗੇ ਇਸ ਬੂਟੇ ਨੂੰ ਛੱਡ ਦੇਣ ਦਾ ਵਾਸਤਾ ਪਾਇਆ। ਮਾਲੀ ਬੇਹਦ ਸਿਆਣਾ ਸੀ। ਉਹ ਕਿਸੇ ਦਾ ਘਰ ਨਹੀਂ ਉਜਾੜਨਾ ਚਾਹੁੰਦਾ ਸੀ। ਉਸਨੇ ਘੁੱਗੀ ਦੇ ਆਲ੍ਹਣੇ ਵਾਲਾ ਬੂਟਾ ਨਾ ਵੱਢਿਆ। ਘੁੱਗੀ ਬਹੁਤ ਖੁਸ਼ ਹੋਈ। ਕੁਝ ਦਿਨਾਂ ਦੀ ਹੀ ਗੱਲ ਸੀ। ਕੁਝ ਦਿਨਾਂ ਬਾਅਦ ਸੁੱਕੇ ਫੁੱਲਾਂ ਦੇ ਬੂਟੇ 'ਤੇ ਨਵੇਂ

ਪੱਤੇ ਨਿਕਲ ਆਉਣੇ ਸਨ। ਪਰ ਬੱਚਿਓ! ਜਿਸ ਆਫਤ ਦੇ ਆਉਣ ਦਾ ਸਾਨੂੰ ਪਹਿਲਾਂ ਹੀ ਪਤਾ ਹੋਵੇ, ਉਹ ਅਗੇਤੀ-ਪਛੇਤੀ ਆ ਕੇ ਹੀ ਰਹਿੰਦੀ ਹੈ। ਭਵਿੱਖ ਵਿਚ ਆਉਣ ਵਾਲੀਆਂ ਆਫਤਾਂ ਤੋਂ ਸਾਨੂੰ ਪਹਿਲਾਂ ਹੀ ਸੁਚੇਤ ਹੋ ਜਾਣਾ ਚਾਹੀਦਾ ਹੈ।

ਘੁੱਗੀ ਮੂਰਖ ਤੇ ਅੜੀਅਲ ਸੀ। ਉਹ ਕਿਸੇ ਦੀ ਵੀ ਨਹੀਂ ਮੰਨਦੀ ਸੀ। ਫੁੱਲਾਂ ਦੇ ਸੁੱਕੇ ਬੂਟੇ 'ਤੇ ਉਸਦਾ ਆਲ੍ਹਣਾ ਇਕ ਕਾਂ ਦੀ ਨਜ਼ਰ ਪੈ ਗਿਆ। ਘੁੱਗੀ ਆਲ੍ਹਣੇ ਵਿਚ ਸੁੱਤੀ ਪਈ ਸੀ। ਕਾਂ, ਘੁੱਗੀ ਨੂੰ ਠੂੰਗੇ ਮਾਰਨ ਲੱਗਾ। ਘੁੱਗੀ ਨੇ ਕਾਂ ਨੂੰ ਇੰਝ ਨਾ ਕਰਨ ਲਈ ਕਿਹਾ ਪਰ ਉਹ ਨਾ ਮੰਨਿਆ। ਉਹ ਘੁੱਗੀ ਦੇ ਸਾਰੇ ਆਂਡੇ ਭੰਨ ਕੇ ਪੀ ਗਿਆ। ਕਾਂ ਨੇ ਠੂੰਗੇ ਮਾਰ ਮਾਰ ਕੇ ਘੁੱਗੀ ਨੂੰ ਜ਼ਖਮੀ ਕਰ ਦਿੱਤਾ ਸੀ। ਗੁੱਸੇ ਨਾਲ ਭਰੀ ਪੀਤੀ ਘੁੱਗੀ ਆਪਣੀ ਸਹੇਲੀ ਚਿੜੀ ਕੋਲ ਪਹੁੰਚ ਗਈ। ਉਹ, ਕਾਂ ਕੋਲੋਂ ਬਦਲਾ ਲੈਣਾ ਚਾਹੁੰਦੀ ਸੀ।

"ਘੁੱਗੀ ਭੇਣ, ਆਪਾਂ ਕਾਂ ਤੋਂ ਬਦਲਾ ਨਹੀਂ ਲੈ ਸਕਦੀਆਂ।" ਚਿੜੀ ਨੇ ਉਸਨੂੰ ਸਮਝਾਇਆ। ਹੁਣ ਘੁੱਗੀ ਵੀ ਚਿੜੀ ਕੋਲ ਹੀ ਕੰਡਿਆਲੀ ਝਾੜੀ ਵਿਚ ਆਪਣਾ ਨਵਾਂ ਆਲ੍ਹਣਾ ਬਣਾਉਣ ਲੱਗ ਪਈ ਸੀ।

# ਤੋਤੇ ਦੀ ਸਿਆਣਪ

ਇਕ ਦਰੱਖਤ ਉੱਪਰ ਕੁਝ ਪੰਛੀ ਰਹਿੰਦੇ ਸਨ। ਇਨ੍ਹਾਂ ਪੰਛੀਆਂ ਦਾ ਆਪਸ ਵਿਚ ਬਹੁਤ ਪਿਆਰ ਸੀ। ਸਾਰੇ ਪੰਛੀ ਸਵੇਰੇ ਚੋਗਾ ਲੈਣ ਚਲੇ ਜਾਂਦੇ ਤੇ ਸ਼ਾਮ ਨੂੰ ਮੁੜਦੇ ਸਨ। ਉਹ ਆਪ ਰੱਜ ਆਉਂਦੇ ਸਨ ਤੇ ਆਪਣੇ ਬੱਚਿਆਂ ਲਈ ਚੋਗਾ ਲੈ ਆਉਂਦੇ ਸਨ। ਇਸ ਤਰ੍ਹਾਂ ਸਾਰੇ ਪੰਛੀ ਵਧੀਆ ਦਿਨ ਬਤੀਤ ਕਰ ਰਹੇ ਸਨ। ਪਰ ਹੁਣ ਕੁਝ ਦਿਨਾਂ ਤੋਂ ਸਾਰੇ ਪੰਛੀ ਬਹੁਤ ਪਰੇਸ਼ਾਨ ਸਨ। ਹੁਣ ਜਦੋਂ ਉਹ ਚੋਗਾ ਚੁਗਣ ਜਾਂਦੇ ਸਨ ਤਾਂ ਮਗਰੋਂ ਕੋਈ ਉਨ੍ਹਾਂ ਦੇ ਬੱਚਿਆਂ ਨੂੰ ਠੂੰਗੇ ਮਾਰ ਮਾਰ ਜ਼ਖਮੀ ਕਰ ਜਾਂਦਾ ਸੀ। ਕੋਈ ਉਨ੍ਹਾਂ ਦੇ ਆਂਡੇ ਵੀ ਭੰਨ ਜਾਂਦਾ ਸੀ। ਪਤਾ ਨਹੀਂ ਲਗਦਾ ਸੀ ਕਿ ਇਹ ਕੰਮ ਕੌਣ ਕਰਦਾ ਹੈ। ਸਾਰੇ ਪੰਛੀ ਬੇਹਦ ਦੁਖੀ ਹੋ ਗਏ ਸਨ। ਉਸ ਦਰੱਖਤ ਦੇ ਕੋਲ ਇਕ ਹੋਰ ਦਰੱਖਤ ਸੀ। ਉਸ ਦਰੱਖਤ ਉੱਪਰ ਇਕ ਘੁੱਗੀ ਰਹਿੰਦੀ ਸੀ। ਪੰਛੀ ਇਕੱਠੇ ਹੋ ਕੇ ਘੁੱਗੀ ਕੋਲ ਪਹੁੰਚ ਗਏ।

"ਘੁੱਗੀ ਭੈਣ! ਤੈਨੂੰ ਪਤਾ ਸਾਡੇ ਆਂਡੇ ਕੌਣ ਭੰਨਦਾ ਤੇ ਸਾਡੇ ਬੱਚਿਆਂ ਨੂੰ ਠੂੰਗੇ ਮਾਰ ਮਾਰ ਜ਼ਖ਼ਮੀ ਕੌਣ ਕਰਦਾ?" ਪੰਛੀਆਂ ਨੇ ਘੁੱਗੀ ਨੂੰ ਪੁੱਛਿਆ।

"ਮੈਂ ਤੇ ਆਪ ਸਵੇਰੇ ਚੋਗਾ ਲੈਣ ਚਲੀ ਜਾਂਦੀ ਹਾਂ, ਸ਼ਾਮ ਨੂੰ ਮੁੜਦੀ ਹਾਂ। ਮੈਨੂੰ ਕੁਝ ਨਹੀਂ ਪਤਾ।" ਘੁੱਗੀ ਨੇ ਦੱਸਿਆ।

ਉਸੇ ਦਰੱਖਤ ਦੇ ਹੇਠਾਂ ਇਕ ਲੂੰਬੜੀ ਰਹਿੰਦੀ ਸੀ। ਸਾਰੇ ਪੰਛੀ ਲੂੰਬੜੀ ਕੋਲ ਪਹੁੰਚ ਗਏ।

"ਲੂੰਬੜੀ ਭੈਣ! ਤੈਨੂੰ ਪਤਾ ਸਾਡੇ ਆਂਡੇ ਕੌਣ ਭੰਨਦਾ ਤੇ ਸਾਡੇ ਬੱਚਿਆਂ ਨੂੰ ਠੂੰਗੇ ਮਾਰ ਮਾਰ ਜ਼ਖ਼ਮੀ ਕੌਣ ਕਰਦਾ।" ਇਕ ਸਿਆਣੀ ਜਿਹੀ ਚਿੜੀ ਨੇ ਪੁੱਛਿਆ।

"ਮੈਂ ਆਪ ਦਿਨੇਂ ਅੰਗੂਰਾਂ ਦੇ ਬਾਗ਼ ਵਿਚ ਚਲੀ ਜਾਂਦੀ ਹਾਂ। ਸ਼ਾਮ ਨੂੰ ਮੁੜਦੀ ਹਾਂ। ਉਂਜ ਉਸ ਨਿੰਮ ਉੱਪਰ ਇਕ ਕਾਂ ਰਹਿੰਦਾ। ਉਹ ਬੇਹਦ ਨਿਕੰਮਾ ਤੇ ਚਲਾਕ ਆ। ਇਹ ਕੰਮ ਉਸੇ ਦਾ ਹੋ ਸਕਦਾ।" ਲੂੰਬੜੀ ਨੇ ਦੂਰ ਦਿਸਦੀ ਨਿੰਮ ਵੱਲ ਇਸ਼ਾਰਾ ਕਰਦਿਆਂ ਕਿਹਾ। ਲੂੰਬੜੀ ਦੀ ਗੱਲ ਸੁਣ ਕੇ ਸਾਰੇ ਪੰਛੀਆਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਇਹ ਕੰਮ ਉਸੇ ਕਾਂ ਦਾ ਹੈ। ਉਸ ਕਾਂ ਨੇ ਪਹਿਲਾਂ ਵੀ ਇਕ ਵਾਰ ਉਨ੍ਹਾਂ ਦੇ ਆਲ੍ਹਣੇ ਤੋੜ ਦਿੱਤੇ ਸਨ।

ਸਾਰੇ ਪੰਛੀ ਉਡਦੇ ਉਡਦੇ ਨਿੰਮ ਕੋਲ ਪਹੁੰਚ ਗਏ। ਕਾਂ ਨਿੰਮ ਉੱਪਰ ਹੀ ਬੈਠਾ ਸੀ।

"ਕਾਂ ਭਰਾਵਾ! ਤੈਨੂੰ ਪਤਾ, ਸਾਡੇ ਆਂਡੇ ਕੌਣ ਭੰਨਦਾ ਤੇ ਸਾਡੇ ਬੱਚਿਆਂ ਨੂੰ ਠੂੰਗੇ ਮਾਰ-ਮਾਰ ਜ਼ਖ਼ਮੀ ਕੌਣ ਕਰਦਾ ਹੈ।" ਚਿੜੀ ਨੇ ਪੁੱਛਿਆ।

"ਮੈਨੂੰ ਕੀ ਪਤਾ, ਤੁਹਾਡੇ ਆਂਡੇ ਕੌਣ ਭੰਨ੍ਹ ਜਾਂਦਾ ਤੇ ਤੁਹਾਡੇ ਬੱਚਿਆਂ ਨੂੰ ਜ਼ਖ਼ਮੀ ਕੌਣ ਕਰ ਜਾਂਦਾ।" ਕਾਂ ਨੇ ਝੂਠ ਬੋਲਿਆ। ਕਾਂ ਨਾਲੇ ਚੋਰ ਸੀ ਤੇ ਨਾਲੇ ਚਤੁਰ ਸੀ।

"ਮੈਂ ਬਜ਼ੁਰਗ ਹਾਂ। ਕਿਧਰੇ ਬਾਹਰ ਨਹੀਂ ਜਾ ਸਕਦਾ ਹਾਂ। ਤੁਸੀਂ ਵਾਰੀ ਸਿਰ ਮੇਰੇ ਖਾਣ ਵਾਸਤੇ ਕੁਝ ਨਾ ਕੁਝ ਲੈ ਆਇਆ ਕਰੋ। ਮੈਂ ਦਿਨ ਵਿਚ ਤੁਹਾਡੇ ਬੱਚਿਆਂ ਤੇ ਆਂਡਿਆਂ ਦੀ ਰਾਖੀ ਰੱਖਿਆ ਕਰਾਂਗਾ।" ਕਾਂ ਨੇ ਪੰਛੀਆਂ ਨੂੰ ਸੁਝਾਅ ਦਿੱਤਾ।

ਪੰਛੀ ਕਾਂ ਦੀ ਗੱਲ ਝਟ ਮੰਨ ਗਏ। ਉਹ ਕਿਸੇ ਵੀ ਕੀਮਤ 'ਤੇ ਆਪਣੇ ਆਂਡੇ ਤੇ ਬੱਚੇ ਬਚਾਉਣੇ ਚਾਹੁੰਦੇ ਸਨ।

ਅਗਲੇ ਹੀ ਦਿਨ ਤੋਂ ਕਾਂ ਲਈ ਰਾਸ਼ਨ ਆਉਣ ਲੱਗ ਪਿਆ। ਪੰਛੀਆਂ ਨੇ ਆਪਸ ਵਿਚ ਵਾਰੀ ਬੰਨ੍ਹ ਲਈ। ਜਿਸ ਵੀ ਪੰਛੀ ਦੀ ਕਾਂ ਲਈ ਰਾਸ਼ਨ ਲਿਆਉਣ ਦੀ ਵਾਰੀ ਹੁੰਦੀ, ਉਸਨੂੰ ਬਹੁਤ ਮਿਹਨਤ ਕਰਨੀ ਪੈਂਦੀ। ਕਾਂ ਦੀ ਖੁਰਾਕ ਵੀ ਵਾਹਵਾ ਸੀ। ਉਂਜ ਵੀ ਕਾਂ ਵੰਨਸੁਵੰਨੀਆਂ ਚੀਜ਼ਾਂ ਖਾਣ ਦੀ ਮੰਗ ਕਰਨ ਲੱਗ ਪਿਆ ਸੀ। ਦਿਨੇਂ ਜਿਸ ਪੰਛੀ ਦੀ ਵਾਰੀ ਹੁੰਦੀ, ਉਸਨੂੰ ਕਾਂ ਰਾਤ ਨੂੰ ਹੀ ਸਮਝਾ ਦਿੰਦਾ।

"ਸਵੇਰੇ ਡਬਲ ਰੋਟੀ ਤੇ ਮੱਖਣ ਖਾਣ ਨੂੰ ਦਿਲ ਕਰਦਾ।"

"ਮੈਂ ਕੁਝ ਢਿੱਲਾ ਜਿਹਾ ਹਾਂ। ਸਵੇਰੇ ਖਿਚੜੀ ਵੀ ਚਾਹੀਦੀ ਹੈ।"

"ਅੱਜ ਮੌਸਮ ਸੁਹਾਵਣਾ ਹੈ। ਮੈਂ ਪੀਜ਼ਾ ਖਾਵਾਂਗਾ।"

ਪੰਛੀ ਫੱਸੇ ਕਾਂ ਦੀਆਂ ਮੰਗਾਂ ਪੂਰੀਆਂ ਕਰਦੇ। ਉਹ ਦੂਰੋਂ ਦੂਰੋਂ ਕਾਂ ਦੀ ਪਸੰਦ ਦਾ ਰਾਸ਼ਨ ਲੱਭ ਕੇ ਲਿਆਉਂਦੇ। ਉਂਜ ਹੁਣ ਉਨ੍ਹਾਂ ਦੇ ਆਂਡੇ ਕੋਈ ਨਹੀਂ ਭੰਨਦਾ ਸੀ। ਨਾ ਹੀ ਉਨ੍ਹਾਂ ਦੇ ਬੱਚਿਆਂ ਨੂੰ ਠੂੰਗੇ ਮਾਰ ਮਾਰ ਕੋਈ ਜ਼ਖ਼ਮੀ ਕਰਦਾ ਸੀ। ਇਸ ਤਰ੍ਹਾਂ ਉਹ, ਬੁੱਢੇ ਕਾਂ ਦੀ ਚਾਕਰੀ ਕਰਦੇ ਵੀ ਖੁਸ਼ ਸਨ।

ਉਨ੍ਹਾਂ ਪੰਛੀਆਂ ਵਿਚ ਇਕ ਤੋਤਾ ਵੀ ਸੀ। ਤੋਤਾ ਬਹੁਤ ਹੀ ਸਿਆਣਾ ਸੀ। ਕਾਂ ਦੀ ਚਾਕਰੀ ਕਰਨ ਦੀ ਇਕ ਦਿਨ ਤੋਤੇ ਦੀ ਵੀ ਵਾਰੀ ਆ ਗਈ। ਕਾਂ ਰਾਤ ਨੂੰ ਹੀ ਤੋਤੇ ਕੋਲ ਪਹੁੰਚ ਗਿਆ।

"ਸਵੇਰੇ ਮੱਖਣ ਤੇ ਡਬਲ ਰੋਟੀ ਖਾਣ ਨੂੰ ਦਿਲ ਕਰਦਾ।" ਕਾਂ ਨੇ ਆਖਿਆ।

"ਚੰਗਾ ਮੈ ਮੱਖਣ ਤੇ ਡੱਬਲ ਰੋਟੀ ਲੈ ਆਵਾਂਗਾ।" ਤੋਤੇ ਨੇ ਕਾਂ ਨਾਲ ਵਾਅਦਾ ਕੀਤਾ। ਪਰ ਦਿਲੋਂ ਉਹ ਕੁਝ ਵੀ ਨਹੀਂ ਲਿਆਉਣਾ ਚਾਹੁੰਦਾ ਸੀ। ਉਹ, ਕਾਂ ਤੋਂ ਸਾਰੇ ਪੰਛੀਆਂ ਦਾ ਖਹਿੜਾ ਛੁਡਾਉਣਾ ਚਾਹੁੰਦਾ ਸੀ।

ਤੋਤਾ, ਕਾਂ ਤੋਂ ਖਹਿੜਾ ਛੁਡਾਉਣ ਦੀ ਸਕੀਮ ਸੋਚਣ ਲੱਗਾ। ਉਹ ਸਾਰੀ ਰਾਤ ਸੋਚਦਾ ਰਿਹਾ ਤੇ ਦਿਨ ਚੜ੍ਹਨ ਤਕ ਉਸਨੇ ਸਕੀਮ ਬਣਾ ਲਈ।

ਤੋਤਾ ਸਵੇਰੇ ਚੋਗਾ ਚੁਗਣ ਗਿਆ, ਦੁਪਹਿਰ ਨੂੰ ਮੁੜਿਆ। ਉਹ ਕਾਂ ਲਈ ਡਬਲ ਰੋਟੀ ਲੈ ਆਇਆ ਪਰ ਮੱਖਣ ਨਾ ਲੈਕੇ ਆਇਆ। ਸੁੱਕੀ ਡਬਲ ਰੋਟੀ ਵੇਖਕੇ ਕਾਂ ਨੂੰ ਗੁੱਸਾ ਚੜ੍ਹ ਗਿਆ।

"ਮੂਰਖਾ! ਤੈਨੂੰ ਮੱਖਣ ਵੀ ਕਿਹਾ ਸੀ। ਸੁੱਕੀ ਡਬਲ ਰੋਟੀ ਮੈਂ ਕਿਵੇਂ ਖਾਵਾਂਗਾ?" ਕਾਂ ਨੇ ਆਖਿਆ।



"ਕਾਂ ਭਰਾਵਾ! ਮੈਂ ਕੀ ਕਰਾਂ? ਤੇਰੀ ਖਾਤਰ ਮੱਖਣ ਕਈ ਵਾਰ ਲੈਕੇ ਆਇਆਂ। ਗਰਮੀ ਬਹੁਤ ਹੈ। ਮੱਖਣ ਹਰ ਵਾਰ ਰਾਹ ਵਿਚ ਹੀ ਪਿਘਲ ਜਾਂਦਾ ਰਿਹਾ। ਤੂੰ ਮੇਰੇ ਨਾਲ ਚੱਲ ਤੇ ਉਥੇ ਹੀ ਬਹਿ ਕੇ ਮੱਖਣ ਖਾ ਲਵੀਂ।" ਤੋਤੇ ਨੇ ਆਪਣੀ ਮਜ਼ਬੂਰੀ ਦੱਸੀ।

"ਮੈਂ ਤੇਰੇ ਨਾਲ ਚੱਲਦਾ ਹਾਂ। ਮੈਂ ਉਥੇ ਬਹਿ ਕੇ ਹੀ ਮੱਖਣ ਖਾ ਲਵਾਂਗਾ।" ਕਾਂ ਨੇ ਆਖਿਆ। ਉਸ ਦੇ ਮੂੰਹ ਵਿਚ ਪਾਣੀ ਆ ਗਿਆ ਸੀ।

ਤੋਤਾ ਤੇ ਕਾਂ ਮੱਖਣ ਖਾਣ ਤੁਰ ਪਏ। ਤੋਤਾ ਅੱਗੇ ਅੱਗੇ ਤੇ ਕਾਂ ਪਿੱਛੇ ਪਿੱਛੇ ਉਡਦੇ ਗਏ। ਤੋਤਾ ਉਸਨੂੰ ਇਕ ਘਰ ਵਿਚ ਲੈ ਗਿਆ। ਘਰ ਦੀ ਰਸੋਈ ਖੁੱਲੀ ਪਈ ਸੀ। ਰਸੋਈ ਵਿਚ ਫਰਿਜ ਦਾ ਲੌਕ ਨਹੀਂ ਲੱਗਾ ਹੋਇਆ ਸੀ।

"ਕਾਂ ਭਰਾਵਾ! ਇਸ ਫਰਿਜ ਵਿਚ ਮੱਖਣ ਪਿਆ। ਮੈਂ ਖੋਲਦਾਂ ਤੇ ਤੂੰ ਅੰਦਰ ਵੜ ਕੇ ਰੱਜ ਕੇ ਮੱਖਣ ਖਾ ਲਵੀਂ।"

ਤੋਤੇ ਨੇ ਪੰਜਾ ਮਾਰ ਕੇ ਫਰਿਜ ਖੋਲ੍ਹ ਦਿੱਤੀ। ਕਾਂ ਟਪੂਸੀ ਮਾਰ ਕੇ ਫਰਿਜ ਵਿਚ ਵੜ ਗਿਆ। ਕਾਂ ਦੇ ਅੰਦਰ ਜਾਣ ਦੀ ਦੇਰ ਸੀ ਕਿ ਤੋਤੇ ਨੇ ਫਰਿਜ ਦਾ ਢੱਕਣ ਛੱਡ ਦਿੱਤਾ।। ਫਰਿਜ ਬੰਦ ਹੋ ਗਈ। ਕਾਂ ਵੀ ਅੰਦਰ ਬੰਦ ਹੋ ਗਿਆ।

ਕਾਂ ਨੂੰ ਅੰਦਰ ਬੰਦ ਕਰਕੇ ਤੋਤਾ ਬਹੁਤ ਖੁਸ਼ ਹੋਇਆ। ਇਕ ਠੰਡ ਤੇ ਦੂਸਰਾ ਸਾਹ ਘੁਟਣ ਕਰਕੇ ਕਾਂ ਫ਼ਰਿਜ ਵਿਚ ਹੀ ਮਰ ਗਿਆ ਸੀ। ਤੋਤਾ ਉਡਦਾ ਉਡਦਾ ਦੂਸਰੇ ਪੰਛੀਆਂ ਕੋਲ ਗਿਆ। ਤੋਤੇ ਨੇ ਕਾਂ ਤੋਂ ਛੁਟਕਾਰਾ ਪਾਉਣ ਦੀ ਸਾਰੀ ਕਹਾਣੀ ਜਾ ਸੁਣਾਈ। ਸਾਰੇ ਪੰਛੀ ਤੋਤੇ ਦੀ ਸਿਆਣਪ 'ਤੇ ਬਹੁਤ ਖੁਸ਼ ਹੋਏ। ਹੁਣ ਉਨ੍ਹਾਂ ਨੂੰ ਵਾਰੀ ਸਿਰ ਕਾਂ ਲਈ ਰਾਸ਼ਨ ਨਹੀਂ ਲੈਕੇ ਆਉਣਾ ਪੈਂਦਾ ਸੀ। ਉਨ੍ਹਾਂ ਦੇ ਬੱਚਿਆਂ ਨੂੰ ਠੂੰਗੇ ਮਾਰ ਮਾਰ ਕੇ ਜ਼ਖਮੀ ਵੀ ਕੋਈ ਨਹੀਂ ਕਰਦਾ ਸੀ। ਨਾ ਹੀ ਕੋਈ ਉਨ੍ਹਾਂ ਦੇ ਆਂਡੇ ਭੰਨਦਾ ਸੀ। ਸਾਰੇ ਪੰਛੀ ਬਹੁਤ ਖੁਸ਼ ਸਨ।

# ਅੱਖਰਾਂ ਦੀ ਸੱਥ

ਪੈਂਤੀ ਅੱਖਰੀ ਬਣ ਗਈ ਸੀ। ਹੁਣ ਅੱਖਰਾਂ ਨੇ ਮਿਲ ਕੇ ਸ਼ਬਦ ਬਣਾਉਣੇ ਸਨ।

"ਸ਼ਬਦ ਬਣਾਉਣ ਵੇਲੇ ਅੱਖਰਾਂ ਨੂੰ ਕਈ ਥਾਵਾਂ 'ਤੇ ਆਪਣੀ ਅਵਾਜ਼ 'ਤੇ ਦਬਾ ਦੇਣਾ ਪੈਣਾ ਜਾਂ ਆਪਣੀ ਅਵਾਜ਼ ਨੂੰ ਦੁਗਣਾ ਕਰਨਾ ਪੈਣਾ। ਅਵਾਜ਼ 'ਤੇ ਦਬਾ ਦੇਣ ਲਈ ਅੱਖਰਾਂ ਨੂੰ ਆਪਣੀ ਸੋਹਣੀ ਸ਼ਕਲ ਵਿਗਾੜਨੀ ਵੀ ਪੈਣੀ ਹੈ।" 'ੳ' ਨੂੰ ਖਿਆਲ ਆਇਆ। ਅੱਖਰਾਂ ਦੀ ਦੁਗਣੀ ਅਵਾਜ਼ ਦੀ ਸਮੱਸਿਆ ਦੇ ਹੱਲ ਲਈ 'ੳ' ਨੇ ਉਸੇ ਵੇਲੇ ਸਾਰੇ ਅੱਖਰਾਂ ਨੂੰ ਸੱਥ ਵਿਚ ਇਕੱਠੇ ਕਰ ਲਿਆ।

"ਭਰਾਵੋ! ਮੈਂ, 'ਅ' ਤੇ ਭੈਣ 'ੲ' ਸਵਰ ਹਾਂ। ਵੱਖ ਵੱਖ ਸ਼ਬਦ ਬਣਾਉਣ ਵੇਲੇ ਸਾਨੂੰ ਆਪਣੀ ਅਵਾਜ਼ 'ਤੇ ਦਬਾ ਨਹੀਂ ਦੇਣਾ ਪੈਣਾ। ਪਰ ਤੁਹਾਨੂੰ ਸਾਰਿਆਂ ਨੂੰ ਆਪਣੀ ਅਵਾਜ਼ 'ਤੇ ਦਬਾ ਦੇਣ ਲਈ ਅੱਧੇ (ਪੂਰੇ ਨਾਲ ਅੱਧੇ) ਵੀ ਹੋਣਾ ਪੈਣਾ। ਕੀ ਤੁਸੀਂ ਅੱਧੇ ਹੋਣ ਲਈ ਤਿਆਰ ਹੋ?" 'ੳ' ਨੇ ਖੜ੍ਹੇ ਹੋ ਕੇ ਪੁੱਛਿਆ।

"ਅਸੀਂ ਕਿਸੇ ਵੀ ਸ਼ਬਦ ਨੂੰ ਬਣਾਉਣ ਵੇਲੇ ਅੱਧੇ ਹੋ ਕੇ ਆਪਣੀ ਸ਼ਕਲ ਨਹੀਂ ਵਿਗਾੜਨੀ।" ਸਾਰੇ ਅੱਖਰ ਇਕੱਠੇ ਹੀ ਬੋਲ ਪਏ।

ਸਾਰੇ ਅੱਖਰਾਂ ਨੇ ਅੱਧੇ ਅੱਖਰ ਦੀ ਥਾਂ ਵਰਤੇ ਜਾਣ ਵਾਸਤੇ ਇਕ ਹੋਰ ਲਗਾਂਖਰ ਲੱਭ ਲਿਆ। ਇਸ ਲਗਾਂਖਰ ਨੂੰ ਉਹ ਅੱਧਕ ਆਖਣ ਲੱਗ ਪਏ। ਪਰ ਤਿੰਨ ਅੱਖਰ 'ਹ', 'ਰ' ਤੇ 'ਵ' ਸ਼ਸ਼ੋਪੰਜ ਵਿਚ ਪੈ ਗਏ।

"ਸ਼ਬਦ ਬਣਾਉਣ ਵੇਲੇ ਸਾਨੂੰ ਆਪਣੀ ਅਵਾਜ਼ ਉੱਪਰ ਦਬਾ ਦੇਣ ਦੀ ਬਹੁਤ ਘੱਟ ਲੋੜ ਪੈਣੀ ਹੈ। ਸ਼ਬਦ ਬਣਾਉਣ ਵੇਲੇ ਸਾਨੂੰ ਤੇ ਹੋਰਨਾਂ ਅੱਖਰਾਂ ਨਾਲ ਲੱਗਣਾ ਪੈਣਾ।" 'ਹ', 'ਰ' ਤੇ 'ਵ' ਆਖਣ ਲੱਗੇ।


"ਭਰਾਵੋ! ਇਹ ਚੰਗੀ ਗੱਲ ਹੈ ਕਿ ਤੁਸੀਂ ਹੋਰ ਅੱਖਰਾਂ ਨਾਲ ਲੱਗ ਕੇ ਵੀ ਸ਼ਬਦ ਬਣਾਉਣੇ ਹਨ। ਪਰ ਤੁਸੀਂ ਕਿਸੇ ਅੱਖਰ ਦੇ ਸਿਰ 'ਤੇ ਬਹਿ ਕੇ ਉਸਦਾ ਰੋਹਬ ਨਹੀਂ ਗਵਾਓਗੇ। ਤੁਹਾਨੂੰ ਅੱਖਰਾਂ ਦੇ ਪੈਰਾਂ ਵਿਚ ਬਹਿਣਾ ਪਵੇਗਾ।" 'ੳ' ਨੇ ਆਪਣੀ ਰਾਇ ਦਿੱਤੀ।

'ਹ', 'ਰ' ਤੇ 'ਵ' ਪੈਰ ਵਿਚ ਬਹਿਣ ਲਈ ਵੀ ਤਿਆਰ ਸਨ।

"ਠੀਕ ਹੈ, ਠੀਕ ਹੈ।" ਆਖਦਿਆਂ 'ਹ' 'ਰ' ਤੇ 'ਵ' ਨੇ ਆਪਣੀ ਸਹਿਮਤੀ ਦਿੱਤੀ ਤੇ ਸੱਥ ਵਿਚ ਜੁੜੇ ਅੱਖਰਾਂ ਨੇ ਤਿੰਨਾਂ ਨੂੰ ਆਪੇ, ਆਪਣਾ ਛੋਟਾ (ਅੱਧਾ) ਰੂਪ ਬਣਾ ਲੈਣ ਦੀ ਖੁਲ੍ਹ ਦੇ ਦਿੱਤੀ।

ਅੱਖਰਾਂ ਦੀ ਸੱਥ ਵਿਚਂ ਸਾਰੇ ਅਨੁਨਾਸਿਕ ਚੁਪਚਾਪ ਪਿੱਛੇ ਬੈਠੇ ਸਨ। 'ੳ' ਨੇ ਅਨੁਨਾਸਿਕਾਂ ਨੂੰ ਵੀ ਅੱਧਕ ਦੀ ਵਰਤੋਂ ਪ੍ਰਤੀ ਆਪਣੀ ਸਹਿਮਤੀ ਦੇਣ ਲਈ ਤੇ ਕੁਝ ਬੋਲਣ ਲਈ ਆਖਿਆ।

"ਅਸੀਂ ਕੀ ਬੋਲਣਾ। ਸ਼ਬਦਾਂ ਵਿਚ ਪਹਿਲੀ ਥਾਂ 'ਤੇ ਸਾਡੀ ਵਰਤੋਂ ਕਦੇ ਹੋਣੀ ਹੀ ਨਹੀਂ ਹੈ।" 'ਣ' ਤੇ 'ੜ' ਨੇ ਆਖਿਆ।




"ਸ਼ਬਦਾਂ ਵਿਚ ਸਾਡੀ ਵਰਤੋਂ ਤੇ ਉਂਜ ਹੀ ਬਹੁਤ ਘੱਟ ਹੋਣੀ ਹੈ।" 'ਙ' ਤੇ 'ਞ' ਨੇ ਜਿਵੇਂ ਅਫ਼ਸੋਸ ਜ਼ਾਹਿਰ ਕੀਤਾ।

"ਸਾਡੀ ਸਾਰੇ ਅਨੁਨਾਸਿਕਾਂ ਦੀ ਵੱਖਰੀ ਪਛਾਣ ਹੈ। ਸਾਡੇ ਉਚਾਰਨ ਵੇਲੇ ਅਵਾਜ਼ ਨੱਕ ਵਿੱਚੋਂ ਆਉਂਦੀ ਹੈ। ਅਸੀਂ ਆਪਣੀ ਅਵਾਜ਼ 'ਤੇ ਦਬਾ ਵੀ ਦੇਣਾ ਤੇ ਦੂਸਰੇ ਅੱਖਰਾਂ ਨਾਲ ਲੱਗ ਕੇ ਨਵੇਂ ਸ਼ਬਦ ਵੀ

ਘੜਨੇ ਹਨ। ਇਸ ਕਰਕੇ ਅੱਧਕ ਨਹੀਂ, ਸਾਡੀ ਵੱਖਰੀ ਪਛਾਣ ਲਈ ਕੋਈ ਹੋਰ ਵੱਖਰਾ ਲਗਾਂਖਰ ਹੋਣਾ ਚਾਹੀਦਾ।" 'ਨ' ਤੇ 'ਮ' ਆਖ ਰਹੇ ਸਨ।

"ਅਨੁਨਾਸਿਕ ਭਰਾਵੋ! ਤੁਸੀਂ ਗੁਰਮੁਖੀ ਪਰਿਵਾਰ ਦੇ ਮਾਣਮਤੇ ਮੈਂਬਰ ਹੋ। ਸਾਨੂੰ, ਤੁਹਾਡੀ ਵੱਖਰੀ ਪਛਾਣ 'ਤੇ ਮਾਣ ਹੈ। ਤੁਹਾਡੀ ਵੱਖਰੀ ਪਛਾਣ ਇੰਜ ਹੀ ਬਣੀ ਰਹੇਗੀ। ਤੁਹਾਡੇ ਵਿੱਚੋਂ ਜਿਨ੍ਹਾਂ ਦੀ ਵਰਤੋਂ ਘੱਟ ਹੋਣੀ ਹੈ, ਉਨ੍ਹਾਂ ਨੂੰ ਵੀ ਪੂਰਾ ਮਾਣ ਦਿੱਤਾ ਜਾਵੇਗਾ।" ਸਾਰੇ ਅਨੁਨਾਸਿਕਾਂ ਦੀਆਂ ਸਮਸਿਆਵਾਂ ਸੁਣ ਕੇ ਤੇ ਸਾਰੇ ਅਨੁਨਾਸਿਕਾਂ ਦੀ ਰਾਇ ਜਾਣ ਕੇ 'ੳ' ਨੇ ਆਖਿਆ।

ਫਿਰ ਸਾਰੇ ਅੱਖਰ, ਅਨੁਨਾਸਿਕਾਂ ਦੀ ਅਵਾਜ਼ ਨੂੰ ਦੁਗਣਾ ਕਰਨ ਲਈ ਜਾਂ ਅਨੁਨਾਸਿਕਾਂ ਦੀ ਹੋਰ ਅੱਖਰਾਂ ਨਾਲ ਵਰਤੋਂ ਲਈ ਇਕੱਠੇ ਹੋ ਕੇ 'ਟਿੱਪੀ' ਕੋਲ ਪਹੁੰਚ ਗਏ। ਅੱਖਰਾਂ ਨੇ 'ਟਿੱਪੀ' ਨੂੰ ਅਨੁਨਾਸਿਕਾਂ ਦੀ ਅਵਾਜ਼ ਦਾ ਕੰਮ ਕਰਨ ਲਈ ਆਖਿਆ।

"ਮੈਂ ਅਨੁਨਾਸਿਕਾਂ ਦੀ ਅਵਾਜ਼ ਦਾ ਕੰਮ ਤਾਂ ਕਰ ਦੇਵਾਂਗੀ, ਪਰ ਮੇਰੀ ਸ਼ਰਤ ਇਹ ਹੈ ਕਿ ਮੇਰੇ ਨਾਲ ਬਿੰਦੀ ਵੀ ਰਹਿੰਦੀ ਹੈ। ਮੇਰੇ ਨਾਲ ਬਿੰਦੀ ਵੀ ਅਨੁਨਾਸਿਕਾਂ ਦਾ ਅਵਾਜ਼ ਦਾ ਕੰਮ ਕਰੇਗੀ।" 'ਟਿੱਪੀ' ਨੇ ਆਖਿਆ।

ਸਾਰੇ ਅੱਖਰ 'ਟਿੱਪੀ' ਦਾ ਸਹੁੱਪਣ ਵੇਖਕੇ ਉਸਨੂੰ ਆਪਣੇ ਪਰਿਵਾਰ ਵਿਚ ਸ਼ਾਮਲ ਕਰਨ ਚਾਹੁੰਦੇ ਸਨ। ਸਾਰੇ ਅੱਖਰ 'ਟਿੱਪੀ' ਨਾਲ ਬਿੰਦੀ ਨੂੰ ਵੀ ਆਪਣੇ ਪਰਿਵਾਰ ਵਿਚ ਸ਼ਾਮਲ ਕਰਨ ਲਈ ਤੁਰੰਤ ਮੰਨ ਗਏ। 'ਕਿਹੜੀ ਮਾਤਰਾ ਨਾਲ ਟਿੱਪੀ ਲੱਗੇਗੀ ਤੇ ਕਿਹੜੀ ਨਾਲ ਬਿੰਦੀ।' ਹੁਣ ਇਹ ਫੈਸਲਾ ਕਰਨਾ ਸੀ। ਅੱਖਰਾਂ ਦੀ ਇਸ ਸਮੱਸਿਆ ਨੂੰ ਟਿੱਪੀ ਤੇ ਬਿੰਦੀ ਨੇ ਆਪੇ ਹੀ ਨਬੇੜ ਲਿਆ। ਮੁਕਤਾ, ਸਿਹਾਰੀ, ਔਂਕੜ ਤੇ ਦੁਲੈਂਕੜ ਨਾਲ ਟਿੱਪੀ ਲੱਗਣ ਲਈ ਤਿਆਰ ਸੀ। ਉਸਨੇ ਬਾਕੀ ਮਾਤਰਾਵਾਂ ਬਿੰਦੀ ਨੂੰ ਦੇ ਦਿੱਤੀਆਂ। ਸੱਥ ਵਿਚਲੇ ਸਭ ਤੋਂ ਮੋਹਰੀ ਅੱਖਰ 'ੳ' ਨੂੰ ਬਿੰਦੀ ਨੇ ਚਾਅ ਨਾਲ ਹੀ ਪਹਿਲਾਂ ਹੀ ਮੱਲ ਲਿਆ ਸੀ।

"ਭਾਊ 'ੳ' ਨਾਲ ਤੇ ਹਮੇਸ਼ਾ ਮੈਂ ਹੀ ਲੱਗਾਂਗੀ।" ਬਿੰਦੀ ਨੇ ਆਖਿਆ ਸੀ।

ਇਸ ਤਰ੍ਹਾਂ ਸਾਰੇ ਅੱਖਰਾਂ ਨੇ ਸੱਥ ਵਿਚ ਇਕੱਠੇ ਹੋ ਕੇ ਆਪਣੀ ਦਬਾ ਵਾਲੀ ਸਮੱਸਿਆ ਨੂੰ ਨਬੇੜ ਲਿਆ। ਸਾਰੇ ਅੱਖਰ ਖੁਸ਼ ਸਨ। ਸਾਰੇ ਅੱਖਰ ਅੱਧਕ ਤੇ ਬਿੰਦੀ-ਟਿੱਪੀ ਨੂੰ ਲੈ ਕੇ ਚਾਈਂ-ਚਾਈਂ ਸ਼ਬਦ ਬਣਾਉਣ ਲੱਗ ਪਏ।



ਇਕਬਾਲ ਸਿੰਘ

SAPTRISHI PUBLICATION
M. 77174-65715, 94638-36591
www.saptrishipublication.com

ISBN
9 789393 212740
₹150.00